# Gurbani Di Saral Viakhya
# (Simple Exegesis of Gurbani in Punjabi)

**Author: Hardev Singh Virk**

Published by: Panj Pani Parkashan, Mohali, India (2017)

## ਭੂਮਿਕਾ

ਗੁਰੂ ਨਾਨਕ ਦੇਵ ਜੀ ਦੀ ਪੰਜਵੀਂ ਜਨਮ ਸ਼ਤਾਬਦੀ ਸਮੇਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅਪ੍ਰੈਲ 1969 ਵਿਚ ਪਹਿਲਾ ਸੈਮੀਨਾਰ ਹੋਇਆ ਜਿਸ ਵਿਚ ਮੈਨੂੰ ਵੀ ਪਰਚਾ ਪੜ੍ਹਨ ਲਈ ਸੱਦਾ ਪੱਤਰ ਭੇਜਿਆ ਗਿਆ। ਮੇਰੇ ਜੀਵਨ ਵਿਚ ਇਹ ਪਹਿਲਾ ਮੌਕਾ ਸੀ ਕਿ ਕਿਸੇ ਸੈਮੀਨਾਰ ਵਿਚ ਗੁਰੂ ਨਾਨਕ ਬਾਣੀ ਬਾਰੇ ਵਿਚਾਰ ਪੇਸ਼ ਕਰਾਂ। ਸੈਮੀਨਾਰ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਉਪ-ਕੁਲਪਤੀ ਕ੍ਰਿਪਾਲ ਸਿੰਘ ਨਾਰੰਗ ਕਰ ਰਹੇ ਸਨ। ਮੇਰੇ ਪਰਚੇ ਦਾ ਸਿਰਲੇਖ 'ਬ੍ਰਹਿਮੰਡ ਦੀ ਰਚਨਾ' ਸੀ। ਇਸ ਵਿਚ ਧਾਰਮਿਕ ਅਤੇ ਵਿਗਿਆਨਕ ਦੋਵੇਂ ਪੱਖ ਸ਼ਾਮਲ ਕੀਤੇ ਗਏ ਸਨ। ਸੈਮੀਨਾਰ ਦੀ ਸਮਾਪਤੀ ਉਪਰ ਉਪ-ਕੁਲਪਤੀ ਜੀ ਨੇ ਬਹੁਤ ਸਿਫ਼ਤ ਕੀਤੀ ਅਤੇ ਮੈਨੂੰ ਪ੍ਰੇਰਨਾ ਦਿੱਤੀ ਕਿ ਇਸ ਵਿਸ਼ੇ ਬਾਰੇ ਇਕ ਪੁਸਤਕ ਤਿਆਰ ਕਰਕੇ ਯੂਨੀਵਰਸਿਟੀ ਨੂੰ ਛਾਪਣ ਲਈ ਦਿਆਂ।

1970 ਵਿਚ ਮੈਂ ਖੋਜ ਕਰਨ ਲਈ ਪੈਰਿਸ ਦੀ ਮੇਰੀ ਕਿਊਰੀ ਯੂਨੀਵਰਸਿਟੀ ਵਿਚ ਜਾ ਦਾਖ਼ਲ ਹੋਇਆ ਅਤੇ ਇਹ ਪ੍ਰੋਜੈਕਟ ਵਿੱਚੇ ਹੀ ਰਹਿ ਗਿਆ। 1973 ਵਿਚ ਇਸ ਅਧੂਰੇ ਕੰਮ ਨੂੰ ਫਿਰ ਸ਼ੁਰੂ ਕੀਤਾ ਅਤੇ 1975 ਵਿਚ ਮੇਰੀ ਪੁਸਤਕ 'ਬ੍ਰਹਿਮੰਡ ਦੀ ਰਚਨਾ' ਦਾ ਖਰੜਾ ਛਪਣ ਲਈ ਤਿਆਰ ਹੋ ਗਿਆ। ਡਾ: ਤਾਰਨ ਸਿੰਘ ਹੋਰਾਂ ਦੱਸਿਆ ਕਿ ਇਹ ਆਫ਼ਸੈੱਟ ਛਪਾਈ ਲਈ ਪ੍ਰਵਾਨ ਹੋ ਗਿਆ ਹੈ। ਮੇਰੀ ਸਮਝ ਤੋਂ ਬਾਹਰ ਸੀ ਕਿ ਆਫ਼ਸੈੱਟ ਕੀ ਬਲਾ ਹੈ ਅਤੇ ਇਹ ਖਰੜਾ ਵਾਪਸ ਲੈ ਕੇ ਸਿੰਘ ਬ੍ਰਦਰਜ਼ ਨੂੰ ਛਾਪਣ ਹਿੱਤ ਭੇਜ ਦਿੱਤਾ। ਲਗਭਗ 25 ਸਾਲ ਇਸ ਦੀ ਪਹਿਲੀ ਐਡੀਸ਼ਨ ਹੀ ਖਤਮ ਨਾ ਹੋਈ। ਇਸ ਦੇ ਇਕ ਦਰਜਨ ਲੇਖ ਸਿੱਖ ਧਰਮ ਅਤੇ ਵਿਗਿਆਨ ਦੇ ਵਿਸ਼ਿਆਂ ਨਾਲ ਸੰਬੰਧਿਤ ਹਨ। ਹਰ ਲੇਖ ਵਿਚ ਪਹਿਲਾਂ ਭਾਰਤੀ ਧਰਮ ਪ੍ਰੰਪਰਾ ਦਾ ਲੇਖਾ-ਜੋਖਾ ਕੀਤਾ ਮਿਲਦਾ ਹੈ, ਫਿਰ ਸਿੱਖ ਧਰਮ ਤੇ ਗੁਰਬਾਣੀ ਦਾ ਨੁਕਤਾ-ਨਿਗਾਹ ਪੇਸ਼ ਕੀਤਾ ਗਿਆ ਹੈ ਅਤੇ ਅਖੀਰ ਵਿਚ ਵਿਗਿਆਨਕ ਪੱਖ ਦੇ ਸੰਦਰਭ ਵਿਚ ਚਰਚਾ ਕੀਤੀ ਗਈ ਹੈ। ਉਮੀਦ ਕੀਤੀ ਜਾਂਦੀ ਸੀ ਕਿ ਸੂਝਵਾਨ ਪਾਠਕ ਵਿਗਿਆਨ ਦੀ ਰੋਸ਼ਨੀ ਵਿਚ ਸਿੱਖ ਧਰਮ ਦਾ ਅਧਿਐਨ ਕਰ ਸਕਣਗੇ, ਪਰੰਤੂ ਮੈਨੂੰ ਇਸ ਵਿਚ ਕਾਮਯਾਬੀ ਨਹੀਂ ਮਿਲੀ।

'ਬ੍ਰਹਿਮੰਡ ਦੀ ਰਚਨਾ' ਨੂੰ ਸੋਧਿਆ ਗਿਆ ਅਤੇ 2008 ਵਿਚ ਇਸ ਨੂੰ ਨਵੇਂ ਸਿਰਲੇਖ 'ਸਿੱਖ ਧਰਮ ਅਤੇ ਵਿਗਿਆਨ' ਹੇਠ ਛਾਪਿਆ ਗਿਆ। ਇਸ ਪੁਸਤਕ ਨੂੰ ਚੰਗਾ ਹੁੰਗਾਰਾ ਮਿਲਿਆ ਅਤੇ ਹੁਣ ਇਸ ਦਾ ਤੀਜਾ ਐਡੀਸ਼ਨ ਛਪ ਚੁੱਕਾ ਹੈ। ਅਫਸੋਸ ਦੀ ਗੱਲ ਹੈ ਕਿ ਇਹ ਕਿਸੇ ਯੂਨੀਵਰਸਿਟੀ ਜਾਂ ਮਿਸ਼ਨਰੀ ਕਾਲਜ ਦੇ ਕੋਰਸ ਦਾ ਹਿੱਸਾ ਨਹੀਂ ਬਣ ਸਕੀ ਅਤੇ ਕਥਾਕਾਰਾਂ ਦੇ ਪ੍ਰਵਚਨ ਵਿਚ ਸ਼ਾਮਲ ਨਹੀਂ ਹੋਈ। ਹੋ ਸਕਦਾ ਹੈ ਇਸ ਦੀ ਆਧੁਨਿਕਤਾ ਹੀ ਇਸ ਦੀ ਦੁਸ਼ਮਣ ਬਣ ਗਈ ਹੋਵੇ ?

13 ਜੂਨ ਨੂੰ ਸ. ਤਰਲੋਚਨ ਸਿੰਘ ਹੋਰਾਂ ਇਕ ਸੱਦਾ-ਪੱਤਰ ਭੇਜਿਆ ਕਿ ਗੁਰਦਵਾਰਾ ਰਕਾਬ ਗੰਜ ਵਿਚ ਮੇਰੀ ਪੁਸਤਕ ਉਪਰ ਚਰਚਾ ਹੋਵੇਗੀ। ਇਸ ਬਹਿਸ ਵਿਚ ਦਿੱਲੀ ਸਿੱਖ ਗੁਰਦਵਾਰਾ ਕਮੇਟੀ ਹੇਠ ਸ਼ਾਮਲ ਗੁਰਦਵਾਰਿਆਂ ਦੇ ਕਥਾਕਾਰ ਅਤੇ

ਗ੍ਰੰਥੀ ਸ਼ਾਮਲ ਹੋਣਗੇ ਅਤੇ ਦੂਜੇ ਪਾਸੇ ਕੁੱਝ ਸਿੱਖ ਵਿਗਿਆਨੀ। ਵਿਗਿਆਨੀਆਂ ਨੇ ਆਪਣਾ ਪੱਖ ਪੇਸ਼ ਕੀਤਾ ਅਤੇ ਕਥਾਕਾਰਾਂ ਵੱਲੋਂ ਪ੍ਰੋ. ਮਨਜੀਤ ਸਿੰਘ ਅਤੇ ਸਾਹਿਬ ਸਿੰਘ 'ਮਾਰਕੰਡਾ' ਮੁਹਤਬਰ ਵਿਅਕਤੀ ਸਨ। ਮੇਰੀ ਪੁਸਤਕ ਪਹਿਲਾਂ ਕੁੱਝ ਕੁ ਮੁਹਤਬਰ ਸੱਜਣਾਂ ਨੂੰ ਭੇਜੀ ਜਾ ਚੁੱਕੀ ਸੀ। ਮੈਨੂੰ ਰੀਪੋਰਟ ਮਿਲੀ ਕਿ ਪੁਸਤਕ ਬਹੁਤੇ ਕਥਾਕਾਰਾਂ ਦੀ ਪਕੜ ਤੋਂ ਬਾਹਰ ਹੈ। ਦਰਅਸਲ, ਜਿਸ ਸੱਜਣ ਨੇ ਆਧੁਨਿਕ ਵਿਗਿਆਨ ਨਹੀਂ ਪੜ੍ਹਿਆ, ਉਸ ਲਈ ਸਾਪੇਖਤਾ ਸਿਧਾਂਤ (Relativity Theory) ਅਤੇ ਕਵਾਂਟਮ ਮਕੈਨਿਕਸ (Quantum Mechanics) ਇਕ ਹਊਆ ਪ੍ਰਤੀਤ ਹੋਵੇਗਾ।

ਦਿੱਲੀ ਤੋਂ ਵਾਪਸ ਪਰਤ ਕੇ ਮੈਂ ਗੁਰਬਾਣੀ ਦਾ ਮੁੜ ਅਧਿਐਨ ਸ਼ੁਰੂ ਕਰ ਦਿੱਤਾ। ਮੇਰੇ ਪਾਸ ਗੁਰਬਾਣੀ ਖੋਜ ਇੰਜਨ (Gurbani Researcher) ਪਹਿਲਾਂ ਹੀ ਮੌਜੂਦ ਸੀ ਜੋ ਡਾ: ਜੋਗਿੰਦਰ ਸਿੰਘ ਆਹਲੂਵਾਲੀਆ ਅਮਰੀਕਾ ਤੋਂ ਮੈਨੂੰ ਦੇ ਗਏ ਸਨ। 1995 ਵਿਚ ਮੈਂ ਇਸ ਦੀ ਵਰਤੋਂ ਕਰਕੇ ਗੁਰਬਾਣੀ ਦੇ ਔਖੇ ਪਦਾਂ ਅਤੇ ਸੰਕਲਪਾਂ ਬਾਰੇ ਤੁਕਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਮੇਰੇ ਪਾਸ ਇਹ ਸਮੱਗਰੀ ਜਮਾਂ ਹੁੰਦੀ ਗਈ ਅਤੇ ਸੋਚਿਆ ਕਿ ਰੀਟਾਇਰ ਹੋਣ ਤੋਂ ਬਾਅਦ ਇਸ ਉਪਰ ਨਿੱਠ ਕੇ ਕੰਮ ਕਰਾਂਗਾ। ਇਹ ਸੁਪਨਾ ਅਧੂਰਾ ਹੀ ਜਾਪਿਆ ਕਿਉਂਕਿ ਰੀਟਾਇਰ ਹੋ ਕੇ ਮੇਰੇ ਉਪਰ ਨੇਨੋਟੈਕਨਾਲੋਜੀ ਦਾ ਭੂਤ ਸਵਾਰ ਹੋ ਗਿਆ ਅਤੇ ਮੈਂ ਵਿਗਿਆਨਕ ਖੋਜ ਵਿਚ ਹੀ ਰੁੱਝਾ ਰਿਹਾ। ਭਲਾ ਹੋਵੇ ਸ. ਤਰਲੋਚਨ ਸਿੰਘ ਜੀ ਦਾ ਜਿਸ ਦੇ ਉਦਮ ਸਦਕਾ ਮੇਰੀ ਕਥਾਕਾਰਾਂ ਨਾਲ ਵਾਰਤਾਲਾਪ ਹੋਈ ਅਤੇ ਗੁਰਬਾਣੀ ਦੀ ਪੁਨਰ-ਵਿਆਖਿਆ ਦੀ ਉਮੰਗ ਪੈਦਾ ਹੋਈ।

ਮੇਰਾ ਕੋਈ ਦਾਅਵਾ ਨਹੀਂ ਕਿ ਮੈਂ ਗੁਰਬਾਣੀ ਦੀ ਵਿਆਖਿਆ ਦੇ ਕਾਬਲ ਹਾਂ। ਮੈਂ ਤਾਂ ਸਾਰੀ ਉਮਰ ਵਿਗਿਆਨ ਦਾ ਅਧਿਐਨ ਹੀ ਕੀਤਾ ਹੈ। ਗੁਰਬਾਣੀ ਸੰਦੇਸ਼ ਤੋਂ ਭਲੀ-ਭਾਂਤ ਵਾਕਫ ਹਾਂ :

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।<br>
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ।

(ਰਾਮਕਲੀ ਦਖਣੀ ਓਅੰਕਾਰ ਮ: 1, ਪੰਨਾ 935)

ਸੋ ਮੇਰਾ ਇਹ ਯਤਨ ਹੋਰਨਾਂ ਨੂੰ ਸਿੱਖਿਆ ਦੇਣ ਦਾ ਨਹੀਂ ਬਲਕਿ ਆਪਣੀ ਤੁੱਛ ਬੁੱਧੀ ਅਨੁਸਾਰ ਗੁਰਬਾਣੀ ਦੇ ਪਦਾਂ ਅਤੇ ਸੰਕਲਪਾਂ ਨੂੰ ਸਮਝਣ ਦਾ ਹੈ।

ਮੇਰੇ ਅਧਿਐਨ ਤੋਂ ਕਈ ਗੁਹਜ ਭੇਦ ਵੀ ਪ੍ਰਗਟ ਹੋਏ ਹਨ। ਗੁਰਬਾਣੀ ਵਿਚ ਆਏ ਬਹੁਤੇ ਪਦ ਬਾਕੀ ਭਾਰਤੀ ਧਰਮ ਗ੍ਰੰਥਾਂ ਵਿਚ ਵੀ ਮਿਲਦੇ ਹਨ। ਉਦਾਹਰਣ ਲਈ 'ਮਾਇਆ' ਦਾ ਸੰਕਲਪ ਹਿੰਦੂ ਅਤੇ ਬੁੱਧ ਧਰਮ ਵਿਚ ਵੀ ਮਿਲਦਾ ਹੈ। ਹਿੰਦੂ ਧਰਮ ਦੇ ਸ਼ੰਕਰਾਚਾਰੀਆ ਤਾਂ ਮਾਇਆਵਾਦ ਦੇ ਫ਼ਲਸਫ਼ੇ ਲਈ ਵਿਸ਼ਵ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਹਨ। ਮਾਇਆਵਾਦ ਅਨੁਸਾਰ ਜਗਤ ਮਿਥਿਆ ਹੈ ਅਤੇ ਕੇਵਲ 'ਬ੍ਰਹਮ' ਹੀ ਸਤ ਵਸਤੂ ਹੈ। ਮਾਇਆਵਾਦੀ ਰੱਸੀ ਅਤੇ ਸੱਪ ਦੇ ਦ੍ਰਿਸ਼ਟਾਂਤ ਰਾਹੀਂ ਜਗਤ ਮਿਥਿਆ ਦਾ ਭੇਦ ਖੋਲ੍ਹਦੇ ਹਨ। ਗੁਰਬਾਣੀ ਵਿਚਾਰ ਤੋਂ ਪਤਾ ਲਗਦਾ ਹੈ ਕਿ ਗੁਰਮਤਿ ਵਿਚ 'ਮਾਇਆ' ਕਈ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਇਸ ਦੇ ਮਾਇਆ ਜਾਲ ਦੀ ਗੱਲ ਹੋਈ ਹੈ ਜਿਸ ਤੋਂ ਖਹਿੜਾ ਛੁਡਾਉਣਾ ਜ਼ਰੂਰੀ ਹੈ ਪਰੰਤੂ ਇਸ ਦੀ ਜੀਵਨ ਵਿਚ ਸਹੀ ਵਰਤੋਂ ਬਾਰੇ ਵੀ ਤਾਕੀਦ ਹੈ। ਸੋ ਮਾਇਆ ਦਾ ਹਊਆ ਜੋ ਹਿੰਦੂ ਧਰਮ ਵਿਚ ਭਾਰੂ ਹੈ, ਗੁਰਮਤਿ ਵਿਚ ਉਸ ਦਾ ਡੰਗ ਮੱਠਾ ਪੈ ਜਾਂਦਾ ਹੈ। ਭਾਵੇਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਜਗਤ ਨੂੰ ਮਿਥਿਆ ਅਤੇ ਧੂੰਏਂ ਕਾ ਪਹਾੜ ਵੀ ਕਿਹਾ ਗਿਆ ਹੈ।

ਇਕ ਸਵਾਲ ਜੋ ਮੇਰੇ ਜਿਹਨ ਵਿਚ ਵਾਰ-ਵਾਰ ਆਉਂਦਾ ਰਿਹਾ ਏ, ਉਸ ਦਾ ਜ਼ਿਕਰ ਕਰਨਾ ਬਣਦਾ ਹੈ। ਜੇਕਰ ਗੁਰਮੱਤ ਨਵਾਂ ਗਾਡੀਰਾਹ ਹੈ ਤਾਂ ਹਿੰਦੂ ਧਰਮ ਦੇ ਪਦ ਅਤੇ ਸੰਕਲਪ ਹੂ-ਬ-ਹੂ ਗੁਰਬਾਣੀ ਵਿਚ ਕਿਉਂ ਵਰਤੇ ਗਏ ? ਇਸ ਸਮੱਸਿਆ ਦਾ ਹੱਲ ਲੱਭਣ ਲਈ ਮੈਂ ਪ੍ਰੋ: ਪੂਰਨ ਸਿੰਘ ਦੇ ਰਚੇ ਸਾਹਿਤ ਦਾ ਅਧਿਐਨ ਕੀਤਾ। ਪੂਰਨ ਸਿੰਘ ਕਹਿੰਦਾ ਹੈ ਕਿ

ਸਿੱਖ ਗੁਰੂਆਂ ਨੇ ਭਾਰਤੀ ਧਰਮਾਂ ਦੀ ਪ੍ਰਚੱਲਤ ਸ਼ਬਦਾਵਲੀ ਦੀ ਵਰਤੋਂ ਕੀਤੀ ਜੋ ਕਿ ਜਨ-ਸਧਾਰਣ ਦੀ ਸਮਝ ਵਿਚ ਆਉਂਦੀ ਸੀ ਪਰੰਤੂ ਇਸ ਦੀ ਪੁਨਰ-ਵਿਆਖਿਆ ਰਾਹੀਂ ਆਪਣਾ ਸੰਦੇਸ਼ ਲੋਕਾਂ ਤੱਕ ਪਹੁੰਚਾਇਆ। ਉਦਾਹਰਣ ਲਈ ਗੁਰਬਾਣੀ ਵਿਚ 'ਰਾਮ' ਪ੍ਰਭੂ ਲਈ ਵਰਤਿਆ ਗਿਆ ਹੈ ਅਤੇ ਇਸ ਦਾ ਅਯੁੱਧਿਆ ਦੇ ਰਾਮ ਨਾਲ ਕੋਈ ਵਾਹ-ਵਾਸਤਾ ਨਹੀਂ।

ਕਈ ਹੋਰ ਸੰਕਲਪ ਜਿਵੇਂ 'ਸੁਰਤਿ', ਸੁੰਨ, ਬ੍ਰਹਿਮੰਡ, ਸੁਰਗ ਅਤੇ ਨਰਕ, ਸਰੀਰ ਜਾਂ ਕਾਇਆ, ਦਸਮ ਦੁਆਰ ਅਤੇ 'ਨਾਮ' ਵੀ ਭਾਰਤੀ ਧਰਮਾਂ, ਖਾਸ ਕਰਕੇ ਹਿੰਦੂ ਧਰਮ, ਵਿਚ ਇੰਨ-ਬਿੰਨ ਵਰਤੇ ਗਏ ਹਨ। ਸਿੱਖ ਧਰਮ ਦੀ ਸਭ ਤੋਂ ਵੱਧ ਨੇੜਤਾ ਹਿੰਦੂ ਧਰਮ ਨਾਲ ਹੀ ਹੈ ਜਿਸ ਕਰਕੇ ਸਭਿਆਚਾਰਕ ਪੱਖੋਂ ਇਹ ਵਰਤੋਂ ਯੋਗ ਸਮਝੀ ਜਾ ਸਕਦੀ ਹੈ। ਉਦਾਹਰਣ ਲਈ, ਤੁਰੀਆ ਅਵਸਥਾ ਜਾਂ ਚਉਥਾ ਪਦ ਗੁਰਬਾਣੀ ਅਤੇ ਹਿੰਦੂ ਗ੍ਰੰਥਾਂ ਵਿਚ ਸਮਾਨ-ਅਰਥੀ ਭਾਵ ਪ੍ਰਗਟ ਕਰਦਾ ਹੈ।

ਗੁਰਬਾਣੀ ਵਿਚ 'ਨਾਮ' 'ਸਿਮਰਨ' ਅਤੇ 'ਸਤ ਸੰਗਤਿ' ਦੀ ਮਹਾਨਤਾ ਦਰਸਾਈ ਗਈ ਹੈ। ਮੇਰੀ ਕੋਸ਼ਿਸ਼ ਰਹੀ ਹੈ ਕਿ ਵਿਆਖਿਆ ਸੰਖੇਪ ਅਤੇ ਸਰਲ ਹੋਵੇ ਤਾਂ ਕਿ ਆਮ ਸਿੱਖ ਇਸ ਨੂੰ ਸਮਝ ਸਕੇ। ਗੁਰਬਾਣੀ ਵਿਚ ਕਈ ਨਵੇਂ ਸੰਕਲਪ ਵੀ ਪੇਸ਼ ਕੀਤੇ ਗਏ ਹਨ ਜਿਵੇਂ ਕਿ 'ਪ੍ਰਕ੍ਰਿਤੀ' ਦੀ ਬਜਾਏ 'ਕੁਦਰਤ' ਵਰਤਿਆ ਗਿਆ ਹੈ। ਗੁਰੂ ਨਾਨਕ ਸਾਹਿਬ ਭਾਰਤੀ ਧਰਮਾਂ ਤੋਂ ਇਲਾਵਾ ਬਾਹਰਲੇ ਧਰਮਾਂ ਨਾਲ ਵੀ ਸੰਪਰਕ ਕਾਇਮ ਰੱਖਣਾ ਚਾਹੁੰਦੇ ਸਨ। ਹੈਰਾਨੀ ਦੀ ਗੱਲ ਹੈ ਕਿ ਗੁਰਬਾਣੀ ਦੇ ਬਹੁਤੇ ਸੰਕਲਪ ਸਾਮੀ ਧਰਮ ਗ੍ਰੰਥਾਂ ਵਿਚ ਉਪਲੱਭਧ ਨਹੀਂ ਹਨ। ਮੇਰੀ ਨਿੱਜੀ ਰਾਏ ਹੈ ਕਿ ਗੁਰਬਾਣੀ ਦੇ ਅਧਿਐਨ ਵਿਚ ਇਸ ਪੁਸਤਕ ਵਿਚ ਆਏ ਪਦਾਂ ਅਤੇ ਸੰਕਲਪਾਂ ਦੀ ਸਰਲ ਵਿਆਖਿਆ ਸਹਾਈ ਹੋਵੇਗੀ।

ਪੁਸਤਕ ਦਾ ਖਰੜਾ ਗੁਰਬਾਣੀ ਵਿਆਖਿਆ ਦੇ ਮਾਹਿਰ, ਜੋਗਿੰਦਰ ਸਿੰਘ ਵੇਦਾਂਤੀ, ਹੋਰਾਂ ਨੇ ਚੰਗੀ ਤਰ੍ਹਾਂ ਘੋਖ ਕੇ ਕਈ ਚੰਗੇ ਸੁਝਾਅ ਦਿਤੇ ਹਨ। ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀਆਂ ਗ਼ਲਤੀਆਂ ਸੋਧ ਦਿਤੀਆਂ ਹਨ। ਮੈਂ ਤਹਿ ਦਿਲੋਂ ਵੇਦਾਂਤੀ ਜੀ ਦਾ ਸ਼ੁਕਰਗੁਜਾਰ ਹਾਂ।

✵✵✵

## ਮੁੱਖ ਬੰਦ

# ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥

ਪਾਵਨ ਗੁਰਬਾਣੀ ਕੇਵਲ ਸਿੱਖ ਦੇ ਜੀਵਨ ਦਾ ਹੀ ਆਧਾਰ ਨਹੀਂ, ਸਗੋਂ ਹਰੇਕ ਪ੍ਰਾਣੀ ਮਾਤਰ ਦੇ ਕਲਿਆਣਾ ਵਾਸਤੇ ਵੀ ਸਹਾਇਕ ਹੈ। ਇਸ ਦਾ ਪਾਠ/ਕੀਰਤਨ ਕਰਨ ਦੇ ਨਾਲ-ਨਾਲ ਇਸ ਨੂੰ ਸਮਝਣਾ ਵੀ ਬਹੁਤ ਲਾਜ਼ਮੀ ਹੈ। ਕੇਵਲ ਪੜ੍ਹਨ ਮਾਤਰ ਨਾਲ ਹੀ ਨਹੀਂ ਸਗੋਂ ਇਸ ਇਲਾਹੀ ਬਾਣੀ ਨੂੰ ਸਮਝਣ, ਵਿਚਾਰਨ ਤੇ ਅਮਲ ਵਿਚ ਲਿਆਉਣ ਨਾਲ ਹੀ ਜੀਵਨ ਮਨੋਰਥ ਦੇ ਰਹੱਸ ਦੀ ਸੋਝੀ ਹੁੰਦੀ ਹੈ ਅਤੇ ਪ੍ਰਭੂ ਦੀ ਪ੍ਰਾਪਤੀ ਵੀ ਹੁੰਦੀ ਹੈ।

ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ (ਪੰਨਾ 148)

ਗੁਰਬਾਣੀ ਦੇ ਅਰਥਾਂ ਅਤੇ ਇਸ ਵਿਚ ਆਏ ਵੱਖ-ਵੱਖ ਸੰਕਲਪਾਂ (ਸ੍ਰਿਸਟੀ, ਹੁਕਮ, ਹਉਮੈ, ਮਾਇਆ, ਕੁਦਰਤ ਆਦਿ) ਨੂੰ ਸੁਖੈਨਤਾ ਨਾਲ ਸਮਝਣ ਵਾਸਤੇ ਜਿੱਥੇ ਫਰੀਦਕੋਟੀ ਟੀਕੇ ਤੋਂ ਅਰੰਭ ਹੋਏ ਵੱਖ-ਵੱਖ ਗੁਰਬਾਣੀ ਦੇ ਟੀਕੇ ਮਿਲਦੇ ਹਨ ਉਥੇ 'ਗੁਰੂ ਗ੍ਰੰਥ ਵਿਚਾਰ ਕੋਸ਼' ਵਰਗੀਆਂ ਪੁਸਤਕਾਂ ਵੀ ਉਪਲਬਧ ਹਨ।

ਪ੍ਰੋ. ਹਰਦੇਵ ਸਿੰਘ ਵਿਰਕ ਵਲੋਂ ਰਚਿਤ ਪੁਸਤਕ "ਗੁਰਬਾਣੀ ਦੀ ਸਰਲ ਵਿਆਖਿਆ" ਵੀ ਇਸੇ ਦਿਸ਼ਾ ਵਿਚ ਪੁੱਟਿਆ ਗਿਆ ਇਕ ਸ਼ਲਾਘਾਯੋਗ ਕਦਮ ਹੈ ਜਿਸ ਵਿਚ ਉਨ੍ਹਾਂ ਨੇ ਮਾਇਆ, ਨਾਮ, ਕੁਦਰਤ, ਚਉਥਾ ਪਦ, ਬ੍ਰਹਮੰਡ ਤੇ ਸ੍ਰਿਸ਼ਟੀ ਰਚਨਾ ਆਦਿ 30 ਵਿਸ਼ਿਆਂ ਦੀ ਸਰਲ ਵਿਆਖਿਆ ਕੀਤੀ ਹੈ ਜਿਨ੍ਹਾਂ ਦਾ ਹੋਰ ਵਿਸਥਾਰ ਕੀਤਾ ਜਾਣਾ ਵੀ ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਮਿਸਾਲ ਦੇ ਤੌਰ ਤੇ ਸੁਰਗ ਨਰਕ ਵਾਲੇ ਲੇਖ ਵਿਚ ਉਨ੍ਹਾਂ ਕਿਹਾ ਹੈ "ਗੁਰਬਾਣੀ ਵਿਚ ਸੁਰਗ ਨਰਕ ਦੀਆਂ ਤੁਕਾਂ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਇਹ ਸਥਾਨ ਕਿਥੇ ਹਨ ? ਇਨ੍ਹਾਂ ਪਦਾਂ ਦੀ ਅਹਿਮੀਅਤ ਬਾਕੀ ਧਰਮਾਂ ਵਾਂਗ ਹੀ ਹੈ ਜਾਂ ਉਨ੍ਹਾਂ ਤੋਂ ਭਿੰਨ ? ਮੇਰੇ ਲਈ ਇਹ ਇਕ ਵਿਡੰਬਣਾ ਹੈ।"

ਸਾਮੀ ਧਰਮਾਂ ਤੇ ਭਾਰਤੀ ਧਰਮਾਂ ਵਿਚ ਵਰਣਨ ਕੀਤੇ ਗਏ ਬਹਿਸ਼ਤ ਦੋਜਕ ਤੇ ਸਵਰਗ-ਨਰਕ ਸੰਬੰਧੀ ਗੁਰਬਾਣੀ ਨੇ ਸਪਸ਼ਟ ਕੀਤਾ ਹੈ ਕਿ ਗੁਰੂ ਦੀ ਕਿਰਪਾ ਦੁਆਰਾ ਪ੍ਰਭੂ ਚਰਨਾਂ ਵਿਚ ਜੁੜਨ ਵਾਲੇ ਗੁਰਮੁੱਖਾਂ ਦੇ ਸਾਹਮਣੇ ਸੁਰਗ ਨਰਕ ਦੇ ਖਿਆਲਾਂ ਦੀ ਕੋਈ ਹੋਂਦ ਹੀ ਨਹੀਂ ਰਹਿ ਜਾਂਦੀ। ਉਨ੍ਹਾਂ ਅੰਦਰੋਂ ਐਸੇ ਖਿਆਲ ਹੀ ਖਤਮ ਹੋ ਜਾਂਦੇ ਹਨ।

ਕਬੀਰ ਨਰਕ ਸੁਰਗ ਤੇ ਮੈ ਰਹਿਓ ਸਤਿਗੁਰ ਕੈ ਪਰਸਾਦਿ ॥
ਚਰਨ ਕਮਲ ਕੀ ਮਉਜ ਮੈ ਰਹਉ ਅੰਤੁ ਅਰੁ ਆਦਿ ॥ (ਪੰਨਾ 1370)

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ ॥
ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ ॥ (ਪੰਨਾ 969)

ਸੁਰਗ ਤੇ ਨਰਕ ਦੀਆਂ ਇਸ ਧਰਤੀ ਤੋਂ ਵੱਖਰੀਆਂ ਕੋਈ ਇਮਾਰਤਾਂ ਨਹੀਂ ਸਗੋਂ ਗੁਰਬਾਣੀ ਨੇ ਅਸਲ ਸਵਰਗ ਦੀ ਹੋਂਦ ਬਾਰੇ ਵੀ ਦਰਸਾਇਆ ਹੈ ਕਿ ਗੁਰੂ ਦੀ ਅਤੇ ਗੁਰੂ ਵੱਲੋਂ ਨਿਵਾਜੇ ਗਏ ਗੁਰਮੁੱਖਾਂ ਦੀ ਸੰਗਤ ਵਿਚ ਜਿਥੇ ਪ੍ਰਭੂ ਦੀ ਕੀਰਤੀ/ਜੱਸ ਤੇ ਨਾਮ ਸਿਮਰਨ ਹੋਵੇ ਉਹ ਅਸਥਾਨ ਹੀ ਅਸਲ ਸਵਰਗ/ਬੈਕੁੰਠ ਹੈ...

ਤਹਾ ਬੈਕੁੰਠ ਜਹ ਕੀਰਤਨੁ ਤੇਰਾ ਤੂ ਆਪੇ ਸਰਧਾ ਲਾਇਹਿ ॥ (ਪੰਨਾ 749)

ਕਹੁ ਕਬੀਰ ਇਹ ਕਹੀਐ ਕਾਹਿ ਸਾਧ ਸੰਗਤਿ ਬੈਕੁੰਠੇ ਆਹਿ ॥ (ਪੰਨਾ 325)

ਬੈਕੁੰਠ ਨਗਰ ਜਹਾ ਸੰਤ ਵਾਸਾ ॥ (ਪੰਨਾ 742)

ਤਹਾ ਬੈਕੁੰਠ ਜਹ ਨਾਮ ਉਚਰਹਿ ॥ (ਪੰਨਾ 890)

ਗੁਰਸਿੱਖ ਨੂੰ ਗੁਰੂ ਦੀ ਹਜ਼ੂਰੀ, ਸਤਸੰਗਤਿ, ਨਾਮ ਸਿਮਰਨ ਤੇ ਕੀਰਤਨ ਨਾਲੋਂ ਵੱਖਰੇ ਕਿਸੇ ਵੀ ਹੋਰ ਸਵਰਗ ਦਾ ਖਿਆਲ ਤੱਕ ਨਹੀਂ ਆਉਣਾ ਚਾਹੀਦਾ। ਗੁਰੂ ਨਾਲ ਜੁੜੇ ਰਹਿ ਕੇ ਸਵਰਗ ਭਾਵ ਸੁਖ ਪ੍ਰਾਪਤ ਹੁੰਦਾ ਹੈ ਅਤੇ ਗੁਰੂ (ਗੁਰਬਾਣੀ) ਨੂੰ ਵਿਸਾਰ ਕੇ ਜੀਵ ਹਮੇਸ਼ਾਂ ਨਰਕ ਭਾਵ ਦੁੱਖ ਹੀ ਭੋਗਦਾ ਰਹਿੰਦਾ ਹੈ। ਅੰਮ੍ਰਿਤਸਰ ਤੇ ਹਰਿਮੰਦਰ ਵਾਲੇ ਲੇਖ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਹਵਾਲੇ ਨਾਲ ਕਿਹਾ ਹੈ ਕਿ ਹਰਿਮੰਦਰ ਮਨੁੱਖ ਦਾ ਸਰੀਰ ਹੈ। ਗੁਰਬਾਣੀ ਨੇ ਇਸ ਸੰਸਾਰ ਨੂੰ ਵੀ ਹਰਿਮੰਦਰ (ਰੱਬ ਦਾ ਘਰ) ਕਿਹਾ ਹੈ ਪਰੰਤੂ ਇਸ ਦੀ ਸੋਝੀ ਵੀ ਸ੍ਰੀ ਅੰਮ੍ਰਿਤਸਰ ਵਿਚਲੇ ਹਰਿਮੰਦਰ ਸਾਹਿਬ ਤੋਂ ਹੀ ਹੁੰਦੀ ਹੈ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ। ਇਥੋਂ ਹੀ ਸਤਸੰਗਤਿ ਵਿਚ ਜੁੜ ਕੇ ਜੀਵਨ ਸਫਲ ਕਰਨ ਦੀ ਪ੍ਰੇਰਨਾ ਮਿਲਦੀ ਹੈ। ਇਸੇ ਤਰ੍ਹਾਂ ਕਈ ਹੋਰ ਲੇਖ ਵੀ ਵਧੇਰੇ ਸਪੱਸ਼ਟਤਾ ਦੀ ਮੰਗ ਕਰਦੇ ਹੋਣ ਦੇ ਬਾਵਜੂਦ ਵੀ ਇਹ ਪੁਸਤਕ ਇਕ ਚੰਗਾ ਉਪਰਾਲਾ ਹੈ। ਹਰ ਪ੍ਰਚਾਰਕ, ਢਾਢੀ, ਰਾਗੀ, ਕਵੀਸ਼ਰ, ਗ੍ਰੰਥੀ, ਕਥਾਵਾਚਕ ਸਮੇਤ ਹਰੇਕ ਸਿੱਖ ਨੂੰ ਪੜ੍ਹ ਕੇ ਇਸ ਦਾ ਲਾਭ ਉਠਾਉਣਾ ਚਾਹੀਦਾ ਹੈ। ਵਾਹਿਗੁਰੂ ਪ੍ਰੋ. ਹਰਦੇਵ ਸਿੰਘ ਵਿਰਕ ਦੀ ਕਲਮ ਨੂੰ ਹੋਰ ਬਲ ਬਖਸ਼ੇ ਤਾਂ ਕਿ ਉਹ ਇਸੇ ਤਰ੍ਹਾ ਸਿੱਖ ਪੰਥ ਦੀ ਸੇਵਾ ਕਰਦੇ ਰਹਿਣ।

ਗੁਰੂ ਪੰਥ ਦਾ ਦਾਸ

ਜੋਗਿੰਦਰ ਸਿੰਘ ਵੇਦਾਂਤੀ

# 1.

# ਸ਼ਬਦ ਗੁਰੂ, ਗ੍ਰੰਥ ਗੁਰੂ ਅਤੇ ਦੇਹਧਾਰੀ ਗੁਰੂ

ਸਿੱਖ ਜਗਤ ਲਈ ਇਹ ਸਭ ਤੋਂ ਅਹਿਮ ਸਵਾਲ ਹੈ ਕਿ ਉਹ ਕਿਸ ਗੁਰੂ ਉਪਰ ਟੇਕ ਰੱਖਣ। ਦੇਹਧਾਰੀ ਗੁਰੂ ਦੀ ਪ੍ਰੰਪਰਾ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਸਮੇਂ ਹੀ ਖਤਮ ਹੋ ਗਈ ਸੀ। 1708 ਈ: ਵਿਚ ਨਾਂਦੇੜ ਦੇ ਸਥਾਨ ਉਪਰ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਸੰਗਤ ਨੂੰ ਸ਼ਬਦ ਗੁਰੂ ਦੇ ਲੜ ਲਾਇਆ ਸੀ ਅਤੇ ਹੁਕਮ ਕੀਤਾ ਕਿ ਅੱਗੇ ਤੋਂ ਸਿੱਖਾਂ ਲਈ 'ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ ਅਤੇ ਦੀਦਾਰ ਖਾਲਸੇ ਦਾ' ਜ਼ਰੂਰੀ ਹੋਵੇਗਾ। ਵੈਸੇ ਤਾਂ ਗੁਰੂ ਨਾਨਕ ਦੇ ਸਮੇਂ ਵੀ ਸ਼ਬਦ ਨੂੰ ਹੀ ਗੁਰੂ ਮੰਨਿਆ ਜਾਂਦਾ ਸੀ ਜਿਵੇਂ ਕਿ ਸਿੱਧ ਗੋਸਟਿ ਬਾਣੀ ਤੋਂ ਸਪਸ਼ਟ ਹੋ ਜਾਂਦਾ ਹੈ :

ਸਵਾਲ : ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ ?

ਜਵਾਬ : ਸਬਦੁ ਗੁਰੂ ਸੁਰਤਿ ਧੁਨਿ ਚੇਲਾ।

(ਸਿੱਧ ਗੋਸਟਿ, ਪੰਨਾ 943)

ਸਿੱਖ ਗੁਰੂਆਂ ਨੇ ਆਪਣੇ ਜੀਵਨ ਕਾਲ ਦੌਰਾਨ ਬਾਣੀ ਦੀ ਰਚਨਾ ਕੀਤੀ ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਗੁਰਬਾਣੀ ਨੂੰ ਪੋਥੀ ਦਾ ਰੂਪ ਦੇ ਦਿੱਤਾ ਅਤੇ ਇਸ ਦਾ ਹਰਿਮੰਦਰ ਵਿਖੇ ਪ੍ਰਕਾਸ਼ ਅਰੰਭ ਹੋ ਗਿਆ। ਗੁਰੂ ਅਰਜਨ ਇਸ ਪੋਥੀ ਬਾਬਤ ਲਿਖਦੇ ਹਨ:

ਪੋਥੀ ਪਰਮੇਸਰ ਕਾ ਥਾਨੁ ॥
ਸਾਧਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥

(ਸਾਰਗ ਮ: 5, ਪੰਨਾ 1226)

ਇਸ ਪੋਥੀ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਵੀ ਕਿਹਾ ਜਾਂਦਾ ਹੈ ਪ੍ਰੰਤੂ ਗੁਰੂ ਕਾਲ ਸਮੇਂ ਇਸ ਨੂੰ ਪੋਥੀ ਸਾਹਿਬ ਕਿਹਾ ਜਾਂਦਾ ਸੀ। ਇਸ ਵਿਚ ਇਕੱਤਰ ਪੰਜ ਗੁਰੂਆਂ ਅਤੇ ਭਗਤਾਂ ਦੀ ਬਾਣੀ ਸ਼ਾਮਲ ਸੀ ਅਤੇ ਇਸ ਦਾ ਮਾਨ-ਸਨਮਾਨ ਅੱਜ ਦੇ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਕੀਤਾ ਜਾਂਦਾ ਸੀ।

ਸ਼ਬਦ ਅਤੇ ਗੁਰੂ ਦੋ ਪਦ ਹਨ। ਡਾ: ਦਵਿੰਦਰ ਸਿੰਘ ਚਾਹਲ ਹੋਰਾਂ ਆਪਣੀ ਪੁਸਤਕ 'ਸ਼ਬਦ ਗੁਰੂ ਤੋਂ ਗ੍ਰੰਥ ਗੁਰੂ' ਵਿਚ ਸ਼ਬਦ ਦੇ ਕਈ ਰੂਪਾਂ ਦਾ ਜਿਕਰ ਕੀਤਾ ਹੈ। 'ਸ਼ਬਦ' ਧੁਨੀ ਜਾਂ ਅਵਾਜ਼ ਲਈ ਵੀ ਵਰਤਿਆ ਗਿਆ ਹੈ :

ਅਨਹਤਾ ਸਬਦ ਵਾਜੰਤ ਭੇਰੀ ॥

(ਗੁਰੂ ਗ੍ਰੰਥ ਸਾਹਿਬ, ਮ:1, ਪੰਨਾ 13)

ਗੁਰਬਾਣੀ ਵਿੱਚ 'ਸਬਦ' ਹੁਕਮ, ਵੀਚਾਰ, ਫਿਲਸਫੇ, ਗੁਰੂ ਅਤੇ ਰੱਬ ਨੂੰ ਪਾਉਣ ਲਈ ਇਕ ਜ਼ਰੀਏ ਲਈ ਵੀ ਵਰਤਿਆ ਗਿਆ ਹੈ :

ਗੁਰ ਸਬਦੀ ਸਚੁ ਪਾਇਆ ਦੂਖ ਨਿਵਾਰਣਹਾਰ ॥

(ਗੁਰੂ ਗ੍ਰੰਥ ਸਾਹਿਬ, ਮ:3, ਪੰਨਾ 36)

ਸ਼ਬਦ ਅਤੇ ਬਾਣੀ ਇਕੋ ਰੂਪ ਵਿਚ ਵਰਤੇ ਗਏ ਹਨ। ਸ਼ਬਦਾਂ ਦੀ ਇਕੱਤਰਤਾ ਹੀ ਗੁਰਬਾਣੀ ਬਣ ਜਾਂਦੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ। ਇਹ ਬਾਣੀ ਸ਼ਬਦ ਰੂਪ ਹੋਣ ਕਰਕੇ ਪ੍ਰਮਾਤਮਾ ਦਾ ਸਰੂਪ ਹੈ ਅਤੇ ਗੁਰੂ ਕਹਿਲਾਂਦੀ ਹੈ :

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥

(ਗੁਰੂ ਗ੍ਰੰਥ ਸਾਹਿਬ, ਮ:4, ਪੰਨਾ 382)

ਸਿੱਖ ਧਰਮ ਦੀ ਇਹੋ ਵਿਲੱਖਣਤਾ ਹੈ ਕਿ ਇਸ ਵਿਚ ਦੇਹਧਾਰੀ ਗੁਰੂਆਂ ਦੀ ਹੋਂਦ ਸਮੇਂ ਵੀ 'ਸ਼ਬਦ' ਨੂੰ ਹੀ ਗੁਰੂ ਸਵੀਕਾਰਿਆ ਗਿਆ। ਇਹ ਜ਼ਰੂਰ ਹੈ ਕਿ ਬਾਕੀ ਗੁਰੂਆਂ ਨੇ ਆਪਣੀ ਹੋਂਦ ਨੂੰ ਗੁਰੂ ਨਾਨਕ ਤੋਂ ਅਲਹਿਦਾ ਨਹੀਂ ਮੰਨਿਆ ਅਤੇ ਨਾਨਕ ਜੋਤ ਰੂਪ ਵਿਚ ਹੀ ਪ੍ਰਵਾਨ ਚੜ੍ਹੇ। ਗੁਰੂ ਨਾਨਕ ਨੂੰ ਉਨ੍ਹਾਂ ਰੱਬ ਦਾ ਰੂਪ ਮੰਨਿਆ ਹੈ :

ਗੁਰ ਨਾਨਕ ਦੇਵ ਗੋਵਿੰਦ ਰੂਪ॥

(ਗੁਰੂ ਗ੍ਰੰਥ ਸਾਹਿਬ, ਮ: 5, ਪੰਨਾ 1192)

## ਸ਼ਬਦ ਗੁਰੂ ਤੋਂ ਗ੍ਰੰਥ ਗੁਰੂ : ਇੱਕ ਵਿਸ਼ਲੇਸ਼ਣ

ਡਾ. ਚਾਹਲ ਦੀ ਖੋਜ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਦੇਣਾ ਇਕ ਇਤਿਹਾਸਕ ਘਟਨਾ ਹੈ ਜਿਸ ਦੀ ਵਿਆਖਿਆ ਅਤੇ ਪੜਚੋਲ ਕਰਨੀ ਲਾਜ਼ਮੀ ਹੈ। ਮੈਕਲੋਡ ਮੰਨਦਾ ਹੈ ਕਿ ਗੁਰੂ ਸਾਹਿਬ ਨੇ ਗੁਰ-ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਹੀ ਨਹੀਂ, ਇਹ ਬੰਦਾ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਨੂੰ ਇਕਮੁੱਠ ਰੱਖਣ ਲਈ ਕੀਤਾ ਗਿਆ ਸੀ। ਪ੍ਰੰਤੂ ਸਿੱਖ ਇਤਿਹਾਸਕਾਰ ਮੈਕਲੋਡ ਦੀ ਮਨੌਤ ਨੂੰ ਝੂਠਾ ਮੰਨਦੇ ਹਨ। ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਤੋਂ ਗਵਾਹੀ ਮਿਲ ਜਾਂਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਆਪਣੇ ਸਿੱਖਾਂ ਲਈ ਫੁਰਮਾਨ ਸੀ :

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਯੋ ਪੰਥ॥
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨੀਅਹੁ ਗ੍ਰੰਥ॥

(ਰਹਿਤਨਾਮੇ: ਪਿਆਰਾ ਸਿੰਘ ਪਦਮ)

ਇਸੇ ਰਹਿਤਨਾਮੇ ਵਿਚ ਭਾਈ ਪ੍ਰਹਿਲਾਦ ਸਿੰਘ 'ਖਾਲਸੇ' ਨੂੰ ਗੁਰੂ ਦਾ ਦਰਜਾ ਦਿੰਦੇ ਹਨ ਅਤੇ ਖਾਲਸੇ ਦੇ ਦੀਦਾਰ 'ਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ-ਦੀਦਾਰ ਦਾ ਜ਼ਿਕਰ ਕਰਦੇ ਹਨ :

ਗੁਰੁ ਖਾਲਸਾ ਮਾਨੀਅਹਿ ਪਰਗਟ ਗੁਰੂ ਕੀ ਦੇਹ॥
ਜੋ ਸਿਖ ਮੋ ਮਿਲਬੈ ਚਹਿਹ ਖੋਜ ਇਨਹੁ ਮਹਿ ਲੇਹੁ॥

'ਗੁਰੂ ਕੀਆਂ ਸਾਖੀਆਂ' (ਲੇਖਕ ਸਰੂਪ ਸਿੰਘ ਕੌਸ਼ਿਸ਼) ਵਿਚ ਵੀ ਇਹੋ ਦੋਹਾ ਹੂ-ਬ-ਹੂ ਦਰਜ ਮਿਲਦਾ ਹੈ।

ਜੋ ਦੋਹਾ ਅੱਜ ਕੱਲ੍ਹ ਗੁਰਦਵਾਰਿਆਂ ਵਿਚ ਅਰਦਾਸ ਤੋਂ ਬਾਅਦ ਪੜ੍ਹਿਆ ਜਾਂਦਾ ਹੈ ਉਹ ਗਿਆਨੀ ਗਿਆਨ ਸਿੰਘ ਦਵਾਰਾ ਘੜਿਆ ਗਿਆ ਸੀ ਅਤੇ ਉਪਰਲੇ ਰਹਿਤਨਾਮੇ ਵਾਲੇ ਦੋਹੇ ਦਾ ਵਿਗੜਿਆ ਰੂਪ ਹੈ :

ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।
ਜਾ ਕਾ ਹਿਰਦਾ ਸੁਧਿ ਹੈ, ਖੋਜ ਸਬਦਿ ਮਹਿ ਲੇਹੁ।

ਵਿਚਾਰਨ ਦੀ ਗੱਲ ਹੈ ਕਿ ਦੇਹਧਾਰੀ ਖਾਲਸਾ ਤਾਂ ਗੁਰੂ ਦੀ ਦੇਹ ਹੋ ਸਕਦਾ ਹੈ ਪ੍ਰੰਤੂ ਸ਼ਬਦ ਜਾਂ ਗੁਰੂ ਗ੍ਰੰਥ ਸਾਹਿਬ ਨੂੰ ਕਿਵੇਂ ਦੇਹ ਮੰਨਿਆ ਜਾ ਸਕਦਾ ਹੈ ? ਇਸ ਧਾਰਣਾ ਨੇ ਸਿੱਖ ਜਗਤ ਵਿਚ ਇਕ ਹੋਰ ਗ਼ਲਤ ਪ੍ਰਪਾਟੀ ਨੂੰ ਜਨਮ ਦਿਤਾ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਨੂੰ 'ਅੰਗ' ਕਿਹਾ ਜਾ ਰਿਹਾ ਹੈ। ਰੱਬ ਜਾਣੇ ਇਹ ਕਿਸੇ ਸਿੱਖ ਵਿਰੋਧੀ ਦੀ ਨਵੀਂ ਚਾਲ ਹੋਵੇ ?

ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਤੋਂ ਕੋਈ ਸਿੱਖ ਮੁਨਕਰ ਨਹੀਂ ਹੋ ਸਕਦਾ ਕਿਉਂਕਿ ਇਸ ਵਿਚ 'ਸ਼ਬਦ ਗੁਰੂ' ਦਾ ਖਜ਼ਾਨਾ ਹੈ। 'ਪਰਚਾ ਸ਼ਬਦ ਦਾ, ਪੂਜਾ ਅਕਾਲ ਦੀ ਅਤੇ ਦੀਦਾਰ ਖਾਲਸੇ ਦਾ' ਹੁਕਮ ਹੁਣ ਤਬਦੀਲ ਹੋ ਚੁੱਕਾ ਹੈ ਅਤੇ ਪੂਜਾ ਗੁਰੂ ਗ੍ਰੰਥ ਸਾਹਿਬ ਦੀ ਹੋਣੀ ਸ਼ੁਰੂ ਹੋ ਗਈ ਹੈ। ਸਿੱਖੀ ਮੁੜ ਬ੍ਰਾਹਮਣਵਾਦੀ ਰੀਤਾਂ ਰਸਮਾਂ ਵਿਚ ਜਕੜੀ ਜਾ ਚੁੱਕੀ ਹੈ। ਮੰਦਰਾਂ ਵਿਚ ਬੁੱਤ ਪੂਜਾ ਹੁੰਦੀ ਹੈ ਅਤੇ ਗੁਰਦਵਾਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਉਸੇ ਪੱਧਰ ਉਪਰ ਹੋ ਰਹੀ ਹੈ। ਲੋੜ ਹੈ ਕਿ ਸ਼ਬਦ ਗੁਰੂ ਦੀ ਵਿਚਾਰ ਉਪਰ ਧਿਆਨ ਕੇਂਦਰਿਤ ਕੀਤਾ ਜਾਵੇ। ਕੀਰਤਨ ਦੀ ਪ੍ਰੰਪਰਾ ਤਾਂ ਠੀਕ ਚੱਲ ਰਹੀ ਹੈ।

ਡਾ. ਜਸਵੰਤ ਸਿੰਘ ਨੇਕੀ ਇਕ ਸੁੰਦਰ ਉਦਾਹਰਣ ਨਾਲ ਸ਼ਬਦ ਗੁਰੂ ਅਤੇ ਗ੍ਰੰਥ ਗੁਰੂ ਦੇ ਵਿਰੋਧਾਭਾਸ ਨੂੰ ਬਿਆਨ ਕਰਿਆ ਕਰਦੇ ਸਨ :

ਇਕ ਬਜ਼ੁਰਗ ਮਾਈ ਬਾਪ ਦੇ ਤਿੰਨ ਪੁੱਤਰ ਕਮਾਈ ਕਰਨ ਅਮਰੀਕਾ ਪਹੁੰਚ ਗਏ। ਜਦੋਂ ਉਨ੍ਹਾਂ ਦਾ ਬਾਪ ਬੀਮਾਰ ਹੋ ਗਿਆ ਤਾਂ ਮਾਂ ਨੇ ਮੱਦਦ ਮੰਗੀ ਅਤੇ ਚਿੱਠੀ ਭੇਜੀ। ਪੁੱਤਰਾਂ ਨੇ ਚਿੱਠੀ ਨੂੰ ਪੜ੍ਹੇ ਬਗੈਰ ਰੁਮਾਲ ਵਿਚ ਵਲੇਟ ਕੇ ਰੱਖ ਦਿਤਾ ਅਤੇ ਪੂਜਾ ਅਰਚਾ ਸ਼ੁਰੂ ਕਰ ਦਿੱਤੀ। ਦੋ ਸਾਲ ਬਾਅਦ ਜਦੋਂ ਬਾਪ ਮਰ ਗਿਆ ਤਾਂ ਮਾਂ ਨੇ ਯਾਦ ਕਰਾਇਆ ਕਿ ਤੁਸੀਂ ਕੋਈ ਮੱਦਦ ਨਹੀਂ ਭੇਜੀ ਜਿਸ ਕਰਕੇ ਤੁਹਾਡਾ ਬਾਪ ਚਲਾਣਾ ਕਰ ਗਿਆ।

ਪੁੱਤਰਾਂ ਨੇ ਕਿਹਾ ਕਿ ਅਸੀਂ ਤਾਂ ਚਿੱਠੀ ਦੀ ਪੂਜਾ ਕਰਦੇ ਰਹੇ ਹਾਂ, ਇਸ ਵਿਚਲਾ ਸੁਨੇਹਾ ਪੜ੍ਹਿਆ ਹੀ ਨਹੀਂ। ਕੁਝ ਇਹੋ ਜੇਹੀ ਹਾਲਤ ਅੱਜ ਦੇ ਸਿੱਖਾਂ ਦੀ ਹੈ, ਉਹ ਗੁਰੂ ਗ੍ਰੰਥ ਸਾਹਿਬ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨ ਕੇ ਪੂਜ ਰਹੇ ਹਨ, ਇਸ ਵਿਚਲੇ ਸ਼ਬਦ ਦੀ ਵੀਚਾਰ ਅਤੇ ਉਸ ਉੱਪਰ ਚੱਲਣ ਦੀ ਪ੍ਰਕ੍ਰਿਆ ਤੋਂ ਵਾਂਝੇ ਰਹਿ ਜਾਂਦੇ ਹਨ। ਲੋੜ ਹੈ ਕਿ ਅਸੀਂ ਸ਼ਬਦ ਗੁਰੂ ਦੇ ਲੜ ਲਗੀਏ ਅਤੇ ਬੁੱਤਪੂਜਾ ਵਰਗੇ ਰੁਝਾਨ ਤੋਂ ਉੱਪਰ ਉਠ ਕੇ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਨੂੰ ਆਪਣੇ ਜੀਵਨ ਦਾ ਅਧਾਰ ਬਣਾਈਏ।

✵✵✵

# 2.

# ਨਿਰਗੁਨ ਸਰਗੁਨ ਨਿਰੰਕਾਰ ਦਾ ਵਿਗਿਆਨਕ ਸੱਚ

ਗੁਰਬਾਣੀ ਵਿਚ ਪ੍ਰਮਾਤਮਾ ਦੇ ਤਿੰਨ ਰੂਪਾਂ ਦਾ ਜਿਕਰ ਮਿਲਦਾ ਹੈ। ਸਭ ਤੋਂ ਵੱਧ ਨਿਰੰਕਾਰ ਸ਼ਬਦ 35 ਵਾਰ ਵਰਤਿਆ ਗਿਆ ਹੈ। ਜਨਮਸਾਖੀਆਂ ਵਿਚ ਬਾਬੇ ਨਾਨਕ ਨੂੰ 'ਨਾਨਕ ਨਿਰੰਕਾਰੀ' ਕਿਹਾ ਗਿਆ ਹੈ (ਧਿਆਨ ਰੱਖਣਾ ਅੱਜ ਕੱਲ੍ਹ 'ਨਕਲੀ ਨਿਰੰਕਾਰੀ' ਵੀ ਪੈਦਾ ਹੋ ਚੁੱਕੇ ਹਨ ਜੋ ਆਪਣੇ ਗੁਰੂ ਨੂੰ ਬਾਬੇ ਨਾਨਕ ਤੋਂ ਵੀ ਮਹਾਨ ਦੱਸਦੇ ਹਨ)। ਨਿਰਗੁਨ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ 29 ਵਾਰ ਆਇਆ ਹੈ ਅਤੇ ਸਰਗੁਨ ਅਤੇ ਨਿਰਗੁਨ ਇਕੱਠੇ 6 ਵਾਰ ਹੀ ਆਉਂਦੇ ਹਨ। ਨਿਰਗੁਨ ਅਤੇ ਸਰਗੁਨ ਭਾਰਤੀ ਧਾਰਮਿਕ ਪ੍ਰੰਪਰਾ ਦਾ ਹਿੱਸਾ ਹਨ ਪਰੰਤੂ 'ਨਿਰੰਕਾਰ' ਸ਼ਬਦ ਦੀ ਵਰਤੋਂ ਬਾਬੇ ਨਾਨਕ ਨੇ ਹੀ ਪਹਿਲੀ ਵਾਰ ਆਪਣੀ ਬਾਣੀ ਵਿਚ ਕੀਤੀ ਹੈ।

ਵਿਗਿਆਨ ਦੀ ਰੋਸ਼ਨੀ ਵਿਚ ਇਨ੍ਹਾਂ ਸ਼ਬਦਾਂ ਨੂੰ ਸਮਝਣ ਤੋਂ ਪਹਿਲਾਂ ਅਸੀਂ ਇਨ੍ਹਾਂ ਦੀ ਗੁਰਬਾਣੀ ਵਿਚ ਹੋਈ ਵਰਤੋਂ ਬਾਰੇ ਜਾਣੀਏ। ਸੁਖਮਨੀ ਸਾਹਿਬ ਦੀ ਬਾਣੀ ਵਿਚ ਤਿੰਨੇ ਸ਼ਬਦ ਇਕੱਠੇ ਹੀ ਆਉਂਦੇ ਹਨ :

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥

(ਗੁਰੂ ਗ੍ਰੰਥ ਸਾਹਿਬ, ਮ:5, ਪੰਨਾ 290)

ਨਿਰੰਕਾਰ ਪ੍ਰਭੂ ਦੀ ਪ੍ਰੀਭਾਸ਼ਾ ਵੀ ਮਿਲਦੀ ਹੈ। ਨਿਰੰਕਾਰ ਇੱਕ ਹੈ ਜਿਸ ਨੂੰ ੧ਓ ਕਿਹਾ ਗਿਆ ਹੈ। ਇੱਕ ਤੋਂ ਅਨੇਕ ਹੋਣ ਲਈ ਨਿਰੰਕਾਰ ਨਿਰਗੁਣ ਰੂਪ ਤੋਂ ਸਰਗੁਣ ਰੂਪ ਧਾਰ ਲੈਂਦਾ ਹੈ। ਬ੍ਰਹਿਮੰਡ ਦੀ ਰਚਨਾ ਦਾ ਮੂਲ ਮਨੋਰਥ ਨਿਰਗੁਣ ਤੋਂ ਸਰਗੁਣ ਹੋਣਾ ਹੈ:

ਨਿਰੰਕਾਰ ਆਕਾਰ ਆਪਿ ਨਿਰਗਨ ਸਰਗੁਨ ਏਕ॥
ਏਕਹ ਏਕ ਬਖਾਨਨੋ ਨਾਨਕ ਏਕ ਅਨੇਕ॥

(ਗੁਰੂ ਗ੍ਰੰਥ ਸਾਹਿਬ, ਮ:5, ਪੰਨਾ 250)

ਨਿਰਗੁਣ ਤੋਂ ਸਰਗੁਣ ਹੋਣ ਦੀ ਪ੍ਰਕ੍ਰਿਆ ਹੀ ਰਚਨਾ ਦਾ ਮੂਲ ਕਾਰਣ ਹੈ :

ਨਿਰਗੁਣ ਤੇ ਸਰਗੁਨ ਦ੍ਰਿਸਟਾਰੰ॥
ਸਗਲ ਭਾਤਿ ਕਰ ਕਰਹਿ ਉਪਾਇਓ॥

(ਗੁਰੂ ਗ੍ਰੰਥ ਸਾਹਿਬ, ਮ:5, ਪੰਨਾ 250)

ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ॥

(ਗੁਰੂ ਗ੍ਰੰਥ ਸਾਹਿਬ, ਮ:5, ਪੰਨਾ 827)

ਨਿਰਗੁਨ ਕਰਤਾ ਸਰਗੁਨ ਕਰਤਾ॥
ਗੁਰ ਪ੍ਰਸਾਦਿ ਨਾਨਕ ਸਮਦ੍ਰਿਸਟਾ॥

(ਗੁਰੂ ਗ੍ਰੰਥ ਸਾਹਿਬ, ਮ: 5, ਪੰਨਾ 862)

ਵਿਗਿਆਨਕ ਪੱਖ : ਵਿਗਿਆਨੀਆਂ ਨੇ ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਨੂੰ ਸਮਝਣ ਲਈ ਸਿਧਾਂਤਕ ਮਾਡਲ ਘੜੇ ਜੋ ਬਹੁਤ ਗੁੰਝਲਦਾਰ ਹਿਸਾਬੀ ਕਿਤਾਬੀ ਗਿਣਤੀਆਂ ਮਿਣਤੀਆਂ ਉਪਰ ਅਧਾਰਿਤ ਸਨ। ਇਨ੍ਹਾਂ ਮਾਡਲਾਂ ਦੀ ਘੋਖ ਵੀਹਵੀਂ ਸਦੀ ਵਿਚ ਹੋਈ ਅਤੇ ਪਤਾ ਲੱਗਾ ਕਿ ਬ੍ਰਹਿਮੰਡ ਦੀ ਹੋਂਦ ਤੋਂ ਪਹਿਲਾਂ ਦੀ ਅਵਸਥਾ ਦਾ ਕਿਆਸ ਕਰਨਾ ਨਾ-ਮੁਮਕਿਨ ਹੈ ਜਿਸ ਨੂੰ ਗੁਰਬਾਣੀ ਵਿਚ 'ਸੁੰਨ' ਅਵਸਥਾ ਕਿਹਾ ਗਿਆ ਹੈ। ਭੌਤਿਕ ਵਿਗਿਆਨੀ ਇਸ ਨੂੰ ਸਿੰਗੂਲੈਰੀਟੀ (Singularity) ਕਹਿੰਦੇ ਹਨ ਅਤੇ ਇਸ ਨੁਕਤੇ ਤੇ ਉਨ੍ਹਾਂ ਦੇ ਗਿਆਨ ਨੂੰ ਤਾਲਾ ਲੱਗ ਜਾਂਦਾ ਹੈ। ਬਾਬੇ ਨਾਨਕ ਦੀ ਬਾਣੀ ਇਸ 'ਸੁੰਨ' ਅਵਸਥਾ ਦੇ ਭੇਦ ਖੋਲ੍ਹਦੀ ਹੈ। ਪਦਾਰਥਕ ਜਗਤ ਦੀ ਖੋਜ ਤੋਂ ਸਿੱਧ ਹੋ ਗਿਆ ਕਿ ਜਦੋਂ ਅਸੀਂ ਮਾਦੇ ਦੇ ਅਸਥੂਲ ਰੂਪ ਤੋਂ ਸੂਖਮ ਰੂਪ ਵੱਲ ਜਾਂਦੇ ਹਾਂ ਤਾਂ ਇਹ ਸਰਗੁਣ ਅਤੇ ਨਿਰਗੁਣ ਦੇ ਦਵੰਦ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ। ਦਿਸਦੇ ਸੰਸਾਰ ਨੂੰ ਸਰਗੁਣ ਸਰੂਪ ਮੰਨਿਆ ਗਿਆ ਹੈ ਅਤੇ ਅਣਦਿਸਦੇ ਸੂਖਮ ਕਣਾਂ ਨੂੰ ਨਿਰਗੁਣ ਨਾਲ ਤੁਲਨਾ ਕਰ ਸਕਦੇ ਹਾਂ। ਗੁਰਬਾਣੀ ਵਿਚ ਨਿਰਗੁਣ ਤੋਂ ਸਰਗੁਣ ਜਾਂ ਸੂਖਮ ਤੋਂ ਅਸਥੂਲ ਹੋਣ ਬਾਰੇ ਜ਼ਿਕਰ ਮਿਲਦਾ ਹੈ ਜਦਕਿ ਵਿਗਿਆਨਕ ਖੋਜ ਅਸਥੂਲ ਤੋਂ ਸੂਖਮ ਵੱਲ ਜਾ ਰਹੀ ਹੈ :

ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ ॥

(ਗੁਰੂ ਗ੍ਰੰਥ ਸਾਹਿਬ, ਮ: 5, ਪੰਨਾ 987)

ਨਾਨਕ ਸੋ ਸੂਖਮ ਸੋਈ ਅਸਥੂਲੁ ॥

(ਗੁਰੂ ਗ੍ਰੰਥ ਸਾਹਿਬ, ਮ:5, ਪੰਨਾ 281)

ਉਨੀਵੀਂ ਸਦੀ ਦੇ ਅਖੀਰ ਉਪਰ (1899 ਈਸਵੀ) ਜਰਮਨੀ ਦੇ ਭੌਤਿਕ ਵਿਗਿਆਨੀ ਮੈਕਸ ਪਲਾਂਕ ਨੇ ਇਕ ਇਨਕਲਾਬੀ ਸਿਧਾਂਤ ਪੇਸ਼ ਕੀਤਾ ਜਿਸ ਨੂੰ 'ਕੁਆਂਟਮ ਸਿਧਾਂਤ' ਕਿਹਾ ਜਾਂਦਾ ਹੈ। ਆਈਨਸਟਾਈਨ ਨੇ ਇਸ ਸਿਧਾਂਤ ਦੀ ਪ੍ਰਯੋਗਿਕ ਪੜਚੋਲ ਦਵਾਰਾ ਇਸ ਦੀ ਪ੍ਰੋੜਤਾ ਕਰ ਦਿਤੀ ਅਤੇ ਨੋਬਲ ਪੁਰਸਕਾਰ ਹਾਸਲ ਕੀਤਾ। ਇਸ ਦਾ ਮੁੱਖ ਮੁੱਦਾ ਇਹ ਸੀ ਕਿ ਪਦਾਰਥਕ ਜਗਤ ਦਾ ਜੋ ਪ੍ਰਪੰਚ ਤਰੰਗਾਂ ਰਾਹੀਂ ਸਮਝਿਆ ਜਾਂਦਾ ਸੀ ਉਹ ਅਧੂਰਾ ਸੱਚ ਹੈ ਅਤੇ ਪੂਰਨ ਸੱਚ ਜਾਨਣ ਲਈ ਕੁਆਂਟਮ ਸਿਧਾਂਤ ਦੀ ਵਰਤੋਂ ਲਾਜ਼ਮੀ ਹੈ। ਉਦਾਹਰਣ ਲਈ ਪ੍ਰਕਾਸ਼ (ਰੇਡੀਏਸ਼ਨ) ਸਦੀਆਂ ਤੋਂ ਤਰੰਗ ਸਿਧਾਂਤ (ਵੇਵ ਥੀਊਰੀ) ਨਾਲ ਸਮਝਇਆ-ਸਮਝਾਇਆ ਜਾਂਦਾ ਰਿਹਾ ਹੈ ਪਰੰਤੂ ਮੈਕਸ ਪਲਾਂਕ ਨੇ ਸਿੱਧ ਕਰ ਦਿੱਤਾ ਕਿ ਇਹ ਪੂਰਨ ਸੱਚ ਨਹੀਂ। ਪੂਰਾ ਸੱਚ ਜਾਨਣ ਲਈ ਤਰੰਗ ਅਤੇ ਕੁਆਂਟਮ ਸਿਧਾਂਤ ਦੋਵੇਂ ਹੀ ਜ਼ਰੂਰੀ ਹਨ। ਇਸ ਦੁਬਿਧਾ ਨੇ ਨਵੀਂ ਖੋਜ ਨੂੰ ਹੋਰ ਪ੍ਰਫੁਲਤ ਕੀਤਾ।

ਫਰਾਂਸ ਦੇ ਇਕ ਵਿਗਿਆਨੀ (ਲੂਈ ਡੀ ਬਰਾਏ) ਨੇ ਇਸ ਤੋਂ ਅੱਗੇ ਹੋਰ ਕਦਮ ਪੁੱਟਿਆ ਅਤੇ ਪੇਸ਼ੀਨਗੋਈ ਕੀਤੀ ਕਿ ਮਾਦੇ ਦੇ ਸੂਖਮ ਕਣ ਵੀ ਤਰੰਗ ਰੂਪ ਵਿਚ ਵਿਚਰਦੇ ਹਨ। ਸੋ ਇਹ ਮਨੌਤ ਮੈਕਸ ਪਲਾਂਕ ਦੇ ਸਿਧਾਂਤ ਨੂੰ ਪੁੱਠਾ ਗੇੜਾ ਦੇਣ ਬਰਾਬਰ ਸੀ। ਮੈਕਸ ਪਲਾਂਕ ਨੇ ਤਰੰਗ ਦੀ ਬਜਾਏ ਕੁਆਂਟਮ ਸਿਧਾਂਤ ਦੀ ਪੇਸ਼ਕਸ਼ ਕੀਤੀ ਜਦਕਿ ਲੂਈ ਡੀ ਬਰਾਏ ਨੇ ਕਣਾਂ (ਕੁਆਂਟਾ) ਨੂੰ ਤਰੰਗ ਰੂਪ ਵਿਚ ਪੇਸ਼ ਕੀਤਾ। ਪ੍ਰਯੋਗਾਂ ਦਵਾਰਾ ਦੋਵੇਂ ਸਿਧਾਂਤ ਸਥਾਪਿਤ ਹੋ ਚੁੱਕੇ ਹਨ ਅਤੇ ਇਹ ਮੰਨਿਆ ਜਾ ਰਿਹਾ ਹੈ ਕਿ ਸਥੂਲ ਅਤੇ ਸੂਖਮ ਜਗਤ ਦੇ ਭੇਦ (ਰਹੱਸ) ਜਾਨਣ ਲਈ ਤਰੰਗ ਅਤੇ ਕੁਆਂਟਮ ਸਿਧਾਂਤ ਦੋਵੇਂ ਹੀ ਜ਼ਰੂਰੀ ਹਨ।

ਜੇਕਰ ਪਦਾਰਥਕ ਜਗਤ ਵਿਚ 'ਦਵੰਦ' ਪੈਦਾ ਹੋ ਚੁਕਾ ਹੈ ਅਤੇ ਪੂਰਨ ਸੱਚ ਜਾਨਣਾ ਇਕ ਸਮੱਸਿਆ ਬਣ ਗਈ ਹੈ ਤਾਂ ਇਸ ਦਾ ਹੱਲ ਕਿਥੋਂ ਲੱਭੀਏ। ਮੇਰੀ ਨਿੱਜੀ ਰਾਏ ਹੈ ਕਿ ਇਹ ਦਵੰਦ ਨਿਰੰਕਾਰ ਦਾ ਪੈਦਾ ਕੀਤਾ ਹੋਇਆ ਹੈ ਅਤੇ ਇਸ ਦੀ ਸਮਝ ਬ੍ਰਹਮ ਗਿਆਨ ਦਵਾਰਾ ਮਿਲ ਜਾਂਦੀ ਹੈ। ਨਿਰੰਕਾਰ ਦੇ ਨਿਰਗੁਣ ਅਤੇ ਸਰਗੁਣ ਸਰੂਪ, ਤਰੰਗ ਅਤੇ ਕੁਆਂਟਮ ਸਿਧਾਂਤ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ। ਨਿਰਗੁਣ ਸਰੂਪ ਸ਼ਕਤੀ ਦਾ ਸੋਮਾਂ ਤਰੰਗ ਰੂਪ ਮੰਨਿਆ ਜਾ ਸਕਦਾ ਹੈ ਅਤੇ ਪਦਾਰਥਕ ਜਗਤ ਉਸ ਦਾ ਸਰਗੁਣ ਸਰੂਪ, ਜਿਸ ਵਿਚ ਮਨੁੱਖ ਅਤੇ ਬ੍ਰਹਿਮੰਡ ਦੇ ਸਾਰੇ ਅਕਾਰ ਸ਼ਾਮਲ ਹਨ। ਬਾਣੀ ਦਾ

ਗਿਆਨ ਪਦਾਰਥਕ ਜਗਤ ਤੋਂ ਸੂਖਮ ਜਗਤ ਵੱਲ ਲੈ ਜਾਂਦਾ ਹੈ ਅਤੇ ਇਸ ਪ੍ਰਕ੍ਰਿਆ ਨੂੰ ਸਮਝਣ ਵਿਚ ਵਿਗਿਆਨ ਦੀ ਸੇਧ ਸਹਾਈ ਹੋਵੇਗੀ। ਨਿਰੰਕਾਰ ਦੇ ਤਰੰਗ ਰੂਪ ਬਾਰੇ ਗੁਰਬਾਣੀ ਵਿਚੋਂ ਸ਼ਪੱਸ਼ਟ ਗਵਾਹੀ ਮਿਲ ਜਾਂਦੀ ਹੈ :

ਪਸਰਿਓ ਆਪਿ ਹੋਇ ਅਨਤ ਤਰੰਗ ॥
ਲਖੇ ਨ ਜਾਹਿ ਪਾਰਪ੍ਰਬਹਮ ਕੇ ਰੰਗ ॥

(ਗੁਰੂ ਗ੍ਰੰਥ ਸਾਹਿਬ, ਮ:5, ਪੰਨਾ 275)

✵✵✵

# 3.

# ਮਾਇਆ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਪਦ 827 ਵਾਰ ਆਇਆ ਹੈ। ਨਾਮੁ ਤੋਂ ਬਾਅਦ ਇਸ ਪਦ ਦੀ ਵਰਤੋਂ ਬਾਣੀ ਵਿਚ ਸਭ ਤੋਂ ਵਧੀਕ ਹੋਈ ਹੈ। ਗੁਰਬਾਣੀ ਵਿਚ ਮਾਇਆ ਲਈ ਕਈ ਪਦ ਵਰਤੇ ਗਏ ਹਨ, ਜਿਵੇਂ ਕਿ ਛਲ, ਨਕਟੀ, ਮਾਖੀ, ਅਵਿਦਿਆ, ਚੰਚਲਾ, ਮੋਹਨੀ, ਨਾਗਿਨੀ ਅਤੇ ਬਿਖਿਆ ਆਦਿ।

ਮਾਈ ਮਾਇਆ ਛਲੁ। ਤ੍ਰਿਣ ਕੀ ਅਗਨਿ ਮੇਘ ਕੀ ਛਾਇਆ।
ਗੋਬਿੰਦ ਭਜਨ ਬਿਨੁ ਹੜ ਕਾ ਜਲੁ।

(ਟੋਡੀ ਮ:5, ਪੰਨਾ 717)

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ।
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ।

(ਵਾਰ ਗੂਜਰੀ ਮ: 3, ਪੰਨਾ 510)

ਮਾਇਆ ਮੋਹੁ ਅਗਿਆਨ ਹੈ ਬਿਖਮੁ ਅਤਿ ਭਾਰੀ।

(ਵਾਰ ਗੂਜਰੀ ਮ: 3, ਪੰਨਾ 509)

ਗੁਰਬਾਣੀ ਇਕ ਅਥਾਹ ਸਮੁੰਦਰ ਹੈ ਅਤੇ ਇਸ ਦੀ ਵੀਚਾਰ ਕੋਈ ਵਿਰਲਾ ਟਾਵਾਂ ਹੀ ਕਰ ਸਕਦਾ ਹੈ, ਜਿਵੇਂ ਕਿ ਫ਼ੁਰਮਾਨ ਹੈ:

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ।

(ਰਾਮਕਲੀ ਮ: 1, ਪੰਨਾ 935)

ਆਪਣੀ ਤੁੱਛ ਬੁੱਧੀ ਅਨੁਸਾਰ ਵੀਚਾਰਣ ਤੋਂ ਜਾਪਦਾ ਹੈ ਕਿ ਮਾਇਆ ਸ਼ਬਦ ਦੋ ਭਾਵ-ਅਰਥਾਂ ਵਿਚ ਵਧੇਰੇ ਵਰਤਿਆ ਗਿਆ ਹੈ। ਪਹਿਲੀ ਵਰਤੋਂ ਦੁਨਿਆਵੀ ਹੈ ਜਿਸ ਵਿਚ ਮਾਇਆ, ਧਨ ਦੌਲਤ ਲਈ ਵਰਤਿਆ ਗਿਆ ਹੈ। ਦੁਨੀਆਦਾਰੀ ਅਤੇ ਜੀਵਨ ਦੇ ਨਿਰਬਾਹ ਲਈ ਮਾਇਆ ਅਤੀ ਜਰੂਰੀ ਹੈ। ਦੁਨੀਆ ਦਾ ਸਾਰਾ ਅਰਥਚਾਰਾ ਮਾਇਆ ਉਪਰ ਅਧਾਰਿਤ ਹੈ। ਮਾਇਆ ਦੀ ਪ੍ਰਾਪਤੀ ਲਈ ਲੁੱਟ-ਖਸੁੱਟ ਚੱਲ ਰਹੀ ਹੈ। ਸਮਾਜਿਕ ਪੱਧਰ ਤੋਂ ਲੈ ਕੇ ਰਾਜਸੀ ਪੱਧਰ ਤੱਕ ਮਾਇਆ ਦਾ ਬੋਲਬਾਲਾ ਹੋ ਗਿਆ ਹੈ। ਗੁਰਬਾਣੀ ਵਿਚੋਂ ਜੋ ਸੇਧ ਮਿਲਦੀ ਹੈ ਉਸ ਅਨੁਸਾਰ ਮਾਇਆ ਦੁਨਿਆਵੀ ਲੋੜਾਂ ਲਈ ਜਰੂਰੀ ਹੈ। ਗੁਰੂ ਅਰਜਨ ਦੇਵ ਜੀ ਤਾਂ ਕਹਿੰਦੇ ਹਨ ਕਿ ਮਾਇਆ ਦੀ ਬਹੁਤਾਤ ਵੀ ਮਾੜੀ ਹੈ ਅਤੇ ਘਾਟ ਵੀ ਕਿਉਂਕਿ ਦੋਵੇਂ ਹਾਲਤਾਂ ਵਿਚ ਮਨੁੱਖ ਭਟਕਦਾ ਫਿਰਦਾ ਹੈ:

ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ।
ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ।
ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥

(ਮਾਰੂ ਮ: 5, ਪੰਨਾ 1019)

ਬਾਬਾ ਨਾਨਕ ਤਾਂ ਫੁਰਮਾਨ ਕਰਦੇ ਹਨ ਕਿ ਮਾਇਆ ਇਕੱਤਰ ਕਰਨ ਲਈ ਬੰਦਾ ਕਈ ਕਿਸਮ ਦੀਆਂ ਹੇਰਾ-ਫੇਰੀਆਂ ਅਤੇ ਪਾਪ ਵੀ ਕਰਦਾ ਹੈ ਪ੍ਰੰਤੂ ਮਾਇਆ ਮਰਨ ਉਪਰੰਤ ਉਸ ਦੇ ਸਾਥ ਨਹੀਂ ਜਾਂਦੀ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ।
ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ।

(ਰਾਗ ਆਸਾ, ਮਃ 1, ਪੰਨਾ 417)

ਇਸ ਸ਼ਬਦ ਵਿਚ 'ਜਰ' ਮਾਇਆ ਲਈ ਵਰਤਿਆ ਗਿਆ ਹੈ। ਬਾਬਾ ਨਾਨਕ ਬਾਬਰ ਦੇ ਹੱਲੇ ਦਾ ਸੰਕੇਤ ਵੀ ਅਗੇ ਜਾ ਕੇ ਕਰਦੇ ਹਨ। ਸੋ ਮਾਇਆ (ਧਨ ਅਤੇ ਦੌਲਤ) ਲੁੱਟਣ ਲਈ ਰਾਜੇ ਮਹਾਰਾਜੇ ਪਾਪ ਕਰਦੇ ਹਨ ਪ੍ਰੰਤੂ ਮਾਇਆ ਸਾਥ ਨਹੀਂ ਜਾਂਦੀ। ਗੁਰਮਤਿ ਵਿਚ ਮਾਇਆ ਦੀ ਸਹੀ ਵਰਤੋਂ ਦੀ ਖੁੱਲ੍ਹ ਹੈ ਕਿਉਂਕਿ ਗ੍ਰਿਹਸਤੀ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਲਈ ਮਾਇਆ ਆਵੱਸ਼ਕ ਹੈ। ਸਿੱਖੀ ਪਰੰਪਰਾ ਕਿਰਤੀ ਮਨੁੱਖ ਦੀ ਵਡਿਆਈ ਕਰਦੀ ਹੈ। ਬਾਬੇ ਨਾਨਕ ਨੇ ਜੀਵਨ ਦੇ ਆਖਰੀ ਸਾਲਾਂ ਵਿਚ ਕਿਰਤ ਕੀਤੀ ਅਤੇ ਪ੍ਰੀਵਾਰ ਦੀ ਪ੍ਰਵਰਿਸ਼ ਅਤੇ ਲੰਗਰ ਲਈ ਖੇਤੀ ਦਾ ਧੰਧਾ ਅਪਨਾਇਆ ਸੀ।

'ਮਾਇਆ' ਪਦ ਦੀ ਦੂਜੀ ਵਰਤੋਂ ਬਹੁ-ਪੱਖੀ ਹੈ। ਗੁਰਬਾਣੀ ਵਿਚ ਮਾਇਆ ਦੇ ਵਿਕਰਾਲ ਰੂਪ ਦਾ ਜ਼ਿਕਰ ਵੀ ਮਿਲਦਾ ਹੈ। ਬ੍ਰਹਿਮੰਡ ਦੀ ਉਤਪਤੀ ਅਤੇ ਵਿਕਾਸ ਵਿਚ ਮਾਇਆ ਦਾ ਨਿੱਗਰ ਰੋਲ ਹੈ। ਇਸ ਨੂੰ ਮਾਇਆ ਜਾਲ ਵੀ ਕਿਹਾ ਗਿਆ ਹੈ ਅਤੇ ਇਹ ਪ੍ਰਮਾਤਮਾ ਨੇ ਖੁਦ ਆਪ ਪੈਦਾ ਕੀਤੀ ਹੈ :

ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ।

(ਜਪੁਜੀ ਸਾਹਿਬ, ਪੰਨਾ 6)

ਨਿਰੰਕਾਰਿ ਅਕਾਰੁ ਉਪਾਇਆ। ਮਾਇਆ ਮੋਹੁ ਹੁਕਮਿ ਬਣਾਇਆ।

(ਮਾਰੂ ਸੋਲਹੇ ਮਃ 4, ਪੰਨਾ 1065)

ਸੋ ਇਹ ਇਕ ਵਿਡੰਬਣਾ (paradox) ਹੈ ਕਿ ਮਾਇਆ ਜੋ ਜੀਵ ਨੂੰ ਪ੍ਰਮਾਤਮਾ ਤੋਂ ਨਿਖੇੜਦੀ ਹੈ ਅਤੇ ਭੰਬਲਭੂਸੇ ਵਿਚ ਪਾਈ ਰੱਖਦੀ ਹੈ, ਉਹ ਰੱਬ ਨੇ ਆਪ ਹੀ ਪੈਦਾ ਕੀਤੀ ਹੈ। ਮਾਇਆ ਅਤੇ ਹਉਮੈ ਦੋ ਸਕੀਆਂ ਭੈਣਾਂ ਹਨ। ਗੁਰਬਾਣੀ ਦੇ ਗਿਆਨ ਤੋਂ ਮਾਇਆ ਅਤੇ ਹਉਮੈ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜੋ ਵਿਡੰਬਣਾ ਪ੍ਰਮਾਤਮਾ ਪੈਦਾ ਕਰਦਾ ਹੈ, ਉਸ ਤੋਂ ਖਹਿੜਾ ਛੁਡਾਣ ਦਾ ਰਾਹ ਵੀ ਗੁਰਬਾਣੀ ਦੱਸਦੀ ਹੈ।

ਮਾਇਆ ਕਿਸ ਨੋ ਆਖੀਐ, ਕਿਆ ਮਾਇਆ ਕਰਮ ਕਮਾਇ।
ਦੁਖਿ ਸੁਖਿ ਏਹੁ ਜੀਉ ਬਧੁ ਹੈ, ਹਉਮੈ ਕਰਮ ਕਮਾਇ।

(ਸਿਰੀ ਰਾਗ ਮਃ 3, ਪੰਨਾ 673)

ਮਾਇਆ ਦੇ ਲੱਛਣ ਵੀ ਅਜੀਬ ਤਰ੍ਹਾਂ ਦੇ ਹਨ। ਜੋ ਮਨੁੱਖ ਇਸ ਨੂੰ ਪ੍ਰੀਤ ਕਰਦੇ ਹਨ, ਇਹ ਉਨ੍ਹਾਂ ਨੂੰ ਛਲਾਵਾ ਦਿੰਦੀ ਹੈ। ਗੁਰਮੁਖਿ ਜਨ ਮਾਇਆ ਨੂੰ ਤਿਆਗ ਦਿੰਦੇ ਹਨ ਪਰ ਇਹ ਉਨ੍ਹਾਂ ਦੀ ਦਾਸੀ ਬਣਨਾ ਲੋਚਦੀ ਹੈ, ਇਹ ਵੀ ਇਕ ਵਿਡੰਬਣਾ ਹੈ :

ਗਹੁ ਕਰ ਪਕਰੀ ਨ ਆਈ ਹਾਥਿ। ਪ੍ਰੀਤਿ ਕਰੀ ਚਾਲੀ ਨਹੀ ਸਾਥਿ।
ਕਹੁ ਨਾਨਕ ਜਉ ਤਿਆਗਿ ਦਈ। ਤਬ ਓਹ ਚਰਣੀ ਆਇ ਪਈ।

(ਰਾਮਕਲੀ ਮਃ 5, ਪੰਨਾ 891)

ਮਾਇਆ ਦਾ ਭਾਰਤੀ ਸੰਕਲਪ ਪੱਛਮੀ ਧਰਮਾਂ ਵਿਚ ਉਪਲੱਬਧ ਨਹੀਂ ਜਿਸ ਕਰਕੇ ਪਦਾਰਥਵਾਦੀ ਯੁੱਗ ਦੀ ਆਮਦ ਯੂਰਪ ਵਿਚ ਹੋਈ। ਯੂਰਪੀਨ ਦੇਸ਼ਾਂ ਨੇ ਵਿਗਿਆਨ ਅਤੇ ਟੈਕਨਾਲੋਜੀ ਦੇ ਬਲਬੂਤੇ ਸਾਰੇ ਵਿਸ਼ਵ ਭਰ ਵਿਚ ਆਪਣੀ ਧਾਂਕ ਜਮਾਈ। ਹੁਣ ਅਮਰੀਕਾ ਵੀ ਇਹੋ ਕੁਝ ਕਰ ਰਿਹਾ ਹੈ। ਪੂਰਬੀ ਧਰਮਾਂ, ਹਿੰਦੂ, ਬੁਧ ਅਤੇ ਸਿੱਖ, ਸਭ ਵਿਚ ਮਾਇਆ ਦਾ ਸੰਕਲਪ ਮਿਲਦਾ ਹੈ। ਸਿਧਾਂਤਕ ਪੱਖੋਂ ਵਿਚਾਰਿਆਂ ਮਾਇਆ ਦਾ ਸੰਕਲਪ ਗੁਰੂ ਗ੍ਰੰਥ ਸਾਹਿਬ ਅਤੇ ਹਿੰਦੂ ਗ੍ਰੰਥਾਂ ਵਿਚ ਸਮਾਨ-ਅਰਥੀ ਭਾਸਦਾ ਹੈ ਪਰੰਤੂ ਗੁਰਬਾਣੀ ਵਿਚ ਇਸ ਦਾ ਸਪਸ਼ਟ ਨਿਖੇੜਾ ਵੀ ਮਿਲਦਾ ਹੈ। ਗੁਰੂ ਅਮਰਦਾਸ ਅਨੰਦ ਸਾਹਿਬ ਵਿਚ ਇਸ ਦਾ ਜ਼ਿਕਰ ਕਰਦੇ ਹਨ :

ਏਹੁ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ।

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥

(ਰਾਮਕਲੀ ਮਃ 3, ਪੰਨਾ 921)

ਸੋ ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਦਾ ਸੰਕਲਪ ਹਿੰਦੂ ਗ੍ਰੰਥਾਂ ਤੋਂ ਭਿੰਨ ਹੈ ਕਿਉਂਕਿ ਸਿੱਖੀ ਵਿਚ ਮਾਇਆ ਅੰਦਰ ਰਹਿ ਕੇ ਵੀ ਪ੍ਰਭੂ ਪ੍ਰਾਪਤੀ ਸੰਭਵ ਹੈ।

ਮਾਇਆ ਅਤੇ ਮਨ ਦੀ ਪ੍ਰਤੀਕ੍ਰਿਆ ਬਾਰੇ ਵੀ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ। ਮਾਇਆ ਅਤੇ ਹਉਮੈ ਮਨ ਨੂੰ ਆਪਣੇ ਵੱਸ ਵਿਚ ਕਰ ਲੈਂਦੀਆਂ ਹਨ। ਮਨ ਦੇ ਵਿਕਾਰ ਇਨ੍ਹਾਂ ਦੀ ਪ੍ਰਤੀਕ੍ਰਿਆ ਰਾਹੀਂ ਪ੍ਰਗਟ ਹੁੰਦੇ ਹਨ :

ਤਨੁ ਜਲਿ ਬਲਿ ਮਾਟੀ ਭਇਆ ਮਨ ਮਾਇਆ ਮੋਹਿ ਮਨੂਰੁ।

(ਸਿਰੀ ਰਾਗ ਮਃ 1, ਪੰਨਾ 19)

ਆਖਣੁ ਸੁਨਣਾ ਪਉਣ ਕੀ ਬਾਣੀ, ਇਹੁ ਮਨੁ ਰਤਾ ਮਾਇਆ।

(ਸਿਰੀ ਰਾਗ ਮਃ 1, ਪੰਨਾ 24)

ਮਾਇਆ ਵਿਚ ਗ੍ਰਸਿਆ ਮਨੁੱਖ 'ਮਾਇਆਧਾਰੀ' ਕਹਿਲਾਉਂਦਾ ਹੈ। ਉਸ ਦੇ ਕਾਰ-ਵਿਹਾਰ ਵਿਚ ਮਾਇਆ ਹਾਵੀ ਹੋ ਜਾਂਦੀ ਹੈ। ਮਾਇਆਧਾਰੀ ਸਮਾਜ ਵਿਚ ਲੁੱਟ-ਖਸੁੱਟ ਕਰਦੇ ਹਨ ਅਤੇ ਬਖੇੜੇ ਪੈਦਾ ਹੋ ਜਾਂਦੇ ਹਨ। ਗੁਰਬਾਣੀ ਵਿਚ ਮਾਇਆਧਾਰੀ ਨੂੰ ਅੰਨਾ-ਬੋਲਾ ਅਤੇ ਮੂਰਖ ਕਿਹਾ ਗਿਆ ਹੈ :

ਮਾਇਆਧਾਰੀ ਅਤਿ ਅੰਨਾ ਬੋਲਾ
ਸਬਦੁ ਨ ਸੁਣਈ ਬਹੁ ਰੋਲ ਘਚੋਲਾ

(ਗਉੜੀ ਮਃ 3, ਪੰਨਾ 313)

ਮਾਇਆ ਕਾਰਨਿ ਪਾਵਈ ਮੂਰਖ ਲੋਗ ਅਜਾਨ।

(ਸਲੋਕ ਮਃ 9, ਪੰਨਾ 1427)

ਇਸ ਮਾਇਆ ਜਾਲ ਤੋਂ ਬਚਣ ਦੇ ਸਾਧਨ ਵੀ ਗੁਰਬਾਣੀ ਵਿਚ ਦਰਸਾਏ ਗਏ ਹਨ। ਗੁਰੂ ਅਮਰਦਾਸ ਜੀ ਬਿਆਨ ਕਰਦੇ ਹਨ ਕਿ ਮਾਇਆ ਬੰਦੇ ਦੀ ਸੁੱਧ-ਬੁੱਧ ਗਵਾ ਦਿੰਦੀ ਹੈ ਪਰੰਤੂ ਸ਼ਬਦ ਦੀ ਕਮਾਈ ਨਾਲ ਮਾਇਆ ਦੇ ਮੋਹ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜਿਸ ਉਪਰੰਤ ਮਨ ਅਤੇ ਤਨ ਦੋਵੇਂ ਹੀ ਨਿਰਮਲ ਅਥਵਾ ਪਵਿੱਤਰ ਹੋ ਜਾਂਦੇ ਹਨ। ਐਸੇ ਜਨ ਸਮਾਜ ਲਈ ਪਰਉਪਕਾਰੀ ਸਿੱਧ ਹੁੰਦੇ ਹਨ ਕਿਉਂਕਿ ਉਹ ਖੁਦਗਰਜੀ ਤੋਂ ਮੁਕਤ ਹੋ ਚੁੱਕੇ ਹੁੰਦੇ ਹਨ।

ਮਾਇਆ ਮੋਹਿ ਸਭ ਸੁਧਿ ਗਵਾਈ ਕਰਿ ਅਵਗਣ ਪਛੋਤਾਵਣਿਆ।

(ਮਾਝ ਮਃ 3, ਪੰਨਾ 116)

ਗੁਰ ਕੈ ਸਬਦਿ ਰਿਦੈ ਦਿਖਾਇਆ।
ਮਾਇਆ ਮੋਹੁ ਸਬਦਿ ਜਲਾਇਆ।

(ਮਾਝ ਮਃ 3, ਪੰਨਾ 120)

ਨਿਰਮਲ ਨਾਮੁ ਵਸਿਆ ਮਨਿ ਆਏ।
ਮਨੁ ਤਨੁ ਨਿਰਮਲੁ ਮਾਇਆ ਮੋਹੁ ਗਵਾਏ।

(ਮਾਝ ਮਃ 3, ਪੰਨਾ 121)

ਉਪਰਲੀਆਂ ਦੋਹਾਂ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸ਼ਬਦ ਦਵਾਰਾ ਹਿਰਦੇ ਵਿਚ ਪ੍ਰਭੂ ਦਾ ਵਾਸਾ ਹੋ ਜਾਵੇ ਤਾਂ ਮਾਇਆ ਮੋਹ ਤੋਂ ਬੰਦ-ਖਲਾਸੀ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਮ ਦੀ ਪ੍ਰਾਪਤੀ , ਜੋ ਪ੍ਰਭੂ ਪ੍ਰਾਪਤੀ ਦੇ ਤੁੱਲ ਹੈ, ਵੀ ਸਹਾਈ ਹੁੰਦੀ ਹੈ।

✵✵✵

# 4.

# ਹਉਮੈ ਦੀਰਘ ਰੋਗ ਹੈ

ਗੁਰਬਾਣੀ ਵਿਚ ਹਉਮੈ ਪਦ 627 ਵਾਰ ਆਉਂਦਾ ਹੈ ਅਤੇ 'ਮਾਇਆ' ਵਾਂਗ ਇਹ ਵੀ ਮਨੁੱਖ ਨੂੰ ਪ੍ਰਮਾਤਮਾ ਤੋਂ ਨਿਖੇੜਨ ਦਾ ਵਸੀਲਾ ਬਣ ਜਾਂਦੀ ਹੈ। ਆਸਾ ਦੀ ਵਾਰ ਵਿਚ ਬਾਬੇ ਨਾਨਕ ਦਾ ਪੂਰਾ ਸਲੋਕ ਹਉਮੈ ਦੇ ਪਸਾਰੇ ਦਾ ਬਿਆਨ ਕਰਦਾ ਹੈ ਜਿਸ ਵਿਚ ਹਉਮੈ ਦਾ ਸੰਖੇਪ ਪਦ 'ਹਉ' ਵਰਤਿਆ ਗਿਆ ਹੈ :

ਹਉ ਵਿਚਿ ਆਇਆ ਹਉ ਵਿਚਿ ਗਇਆ।
ਹਉ ਵਿਚਿ ਜੰਮਿਆ ਹਉ ਵਿਚਿ ਮੁਆ।

(ਆਸਾ ਦੀ ਵਾਰ, ਮ:1, ਪੰਨਾ 466)

ਇਸ ਦੇ ਦੂਜੇ ਭਾਗ ਵਿਚ ਗੁਰੂ ਅੰਗਦ ਦੇਵ ਜੀ ਦਾ ਸ਼ਬਦ ਆਉਂਦਾ ਹੈ ਜਿਸ ਵਿਚ ਹਉਮੈ ਦੀ ਵਿਆਖਿਆ ਅਤੇ ਇਸ ਤੋਂ ਬੰਦ-ਖਲਾਸੀ ਦਾ ਰਾਹ ਦਰਸਾਇਆ ਗਿਆ ਹੈ। ਮੇਰੇ ਮਨ ਵਿਚ ਇਹ ਸਵਾਲ ਕਈ ਸਾਲਾਂ ਤੋਂ ਇਕ ਘੁੰਮਣਘੇਰੀ ਵਾਂਗ ਚੱਕਰ ਲਗਾਂਦਾ ਰਿਹਾ ਹੈ ਕਿ 'ਹਉਮੈ ਦੀਰਘ ਰੋਗ ਹੈ' ਪਰੰਤੂ 'ਦਾਰੂ ਭੀ ਇਸੁ ਮਾਹਿ' ਤੋਂ ਕੀ ਭਾਵ ਹੈ ? ਆਮ ਭਾਸ਼ਾ ਵਿਚ ਤਾਂ ਇਸ ਦਾ ਮਤਲਬ ਹੋਇਆ ਕਿ ਰੋਗ ਅਤੇ ਦਾਰੂ ਸਰੀਰ ਦੇ ਅਨਿਖੜਵੇਂ ਅੰਗ ਹਨ, ਬਲਕਿ ਹਰ ਰੋਗ ਵਿਚ ਉਸ ਦਾ ਦਾਰੂ ਵੀ ਛੁਪਿਆ ਹੁੰਦਾ ਹੈ। ਗੁਰਬਾਣੀ ਵਿਚ ਕਈ ਹੋਰ ਉਦਾਹਰਣਾਂ ਵੀ ਮਿਲ ਜਾਂਦੀਆਂ ਹਨ ਜਿੱਥੇ ਇਸ ਕਿਸਮ ਦਾ ਵਿਰੋਧਾਭਾਸ ਪ੍ਰਤੀਤ ਹੁੰਦਾ ਹੈ ਜਿਵੇਂ ਕਿ 'ਦੁਖ ਦਾਰੂ ਸੁਖ ਰੋਗ ਭਇਆ'। ਆਮ ਪ੍ਰਾਣੀ ਦੀ ਸਮਝ ਵਿਚ ਨਹੀਂ ਆਉਂਦਾ ਕਿ ਦੁੱਖ ਦਾਰੂ ਕਿਵੇਂ ਹੋ ਸਕਦਾ ਹੈ ਅਤੇ ਸੁੱਖ ਕਿਵੇਂ ਰੋਗ ਬਣ ਜਾਂਦਾ ਹੈ ?

ਹਉਮੈ ਬਾਰੇ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ :

ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ।
ਹਉਮੈ ਏਹੋ ਹੁਕਮੁ ਹੈ ਪਇਆ ਕਿਰਤਿ ਫਿਰਾਹਿ।
ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ।
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ।
ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ।

(ਆਸਾ ਮਹਲਾ 2, ਪੰਨਾ 466)

ਉਪਰਲੇ ਫੁਰਮਾਨ ਵਿਚ ਪਹਿਲੇ ਸ਼ਬਦ ਦੀ ਵਿਆਖਿਆ ਮਿਲ ਜਾਂਦੀ ਹੈ। ਹਉਮੈ ਮਨੁੱਖ ਦੀ ਪੈਦਾ ਕੀਤੀ ਹੋਈ ਨਹੀਂ ਬਲਕਿ ਪ੍ਰਮਾਤਮਾ ਦੇ ਹੁਕਮ ਸਦਕਾ ਹੀ ਮਨੁੱਖ ਨੂੰ ਘੇਰੀ ਰੱਖਦੀ ਹੈ। ਜਿਵੇਂ ਮਾਇਆ ਵੀ ਪ੍ਰਮਾਤਮਾ ਦੇ ਹੁਕਮ ਨਾਲ ਹੀ ਮਨੁੱਖ ਉਪਰ ਹਾਵੀ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਹਉਮੈ ਉਸ ਨੂੰ ਆਪਣੇ ਸ਼ਿਕੰਜੇ ਵਿਚ ਜਕੜ ਰੱਖਦੀ ਹੈ। ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਸ਼ਬਦ ਦੀ ਕਮਾਈ ਦਵਾਰਾ ਹਉਮੈ ਤੋਂ ਛੁਟਕਾਰਾ ਮਿਲ ਜਾਂਦਾ ਹੈ। ਸੋ ਹਉਮੈ ਦਾ ਦਾਰੂ ਸ਼ਬਦ ਦੀ ਕਮਾਈ ਅਰਥਾਤ ਗੁਰਬਾਣੀ ਦੇ ਦਰਸਾਏ ਮਾਰਗ ਉਪਰ ਜੀਵਨ ਬਤੀਤ ਕਰਨਾ ਹੈ।

ਹਉਮੈ ਅਤੇ ਮਾਇਆ ਦੇ ਸੰਬੰਧ ਬਾਰੇ ਪਿਛਲੇ ਲੇਖ ਵਿਚ ਦੱਸਿਆ ਗਿਆ ਸੀ ਕਿ ਇਹ ਦੋਵੇਂ ਸਕੀਆਂ ਭੈਣਾਂ ਹਨ। ਜੋ ਪ੍ਰਾਣੀ ਮਾਇਆ ਦੀ ਪਕੜ ਵਿਚ ਆ ਗਿਆ, ਉਸ ਨੂੰ ਹਉਮੈ ਵੀ ਦਬੋਚ ਲੈਂਦੀ ਹੈ। ਪ੍ਰੰਤੂ ਮਾਇਆ ਦੇ ਦੋ ਰੂਪ ਦਰਸਾਏ ਗਏ

ਸਨ ਇਕ ਚੰਗਾ ਅਤੇ ਦੂਜਾ ਮਾੜਾ। ਹਉਮੈ ਬਾਰੇ ਗੁਰਬਾਣੀ ਵਿਚ ਜਿੰਨੇ ਵੀ ਸ਼ਬਦ ਮਿਲਦੇ ਹਨ ਉਹ ਇਸ ਦੇ ਨਕਾਰਤਮਕ ਪੱਖ ਨੂੰ ਹੀ ਉਜਾਗਰ ਕਰਦੇ ਹਨ। ਉਦਾਹਰਣ ਲਈ ਕੁੱਝ ਤੁਕਾਂ ਹਾਜ਼ਰ ਹਨ :

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।

(ਸਿਰੀ ਰਾਗ ਮ: 3, ਪੰਨਾ 31)

ਹਉਮੈ ਮੈਲੁ ਲਾਗੀ ਗੁਰ ਸਬਦੀ ਖੋਵੈ।

(ਮਾਝ ਮ: 3, ਪੰਨਾ 123)

ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ।

(ਸਿਰੀ ਰਾਗ ਮ: 1, ਪੰਨਾ 19)

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਥਾਇ।
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ।
-----------------------------------
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ।
ਨਾਨਕ ਸਤਿਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ।

(ਵਡਹੰਸ ਮ: 3, ਪੰਨਾ 560)

ਸੋ ਹਉਮੈ ਦੇ ਨੈਗੇਟਿਵ (ਨਾਂਹਪੱਖੀ) ਪ੍ਰਭਾਵ ਸਦਕਾ ਮਨੁੱਖੀ ਮਨ ਭਟਕਦਾ ਰਹਿੰਦਾ ਹੈ। ਨਾਮ ਦਾ ਵਾਸਾ ਹਿਰਦੇ ਵਿਚ ਨਹੀਂ ਹੋ ਸਕਦਾ ਕਿਉਂਕਿ ਹਉਮੈ ਉਸ ਨੂੰ ਟਿਕਣ ਨਹੀਂ ਦੇਂਦੀ। ਨਾ ਹੀ ਹਉਮੈ ਵਿਚ ਸੇਵਾ ਹੋ ਸਕਦੀ ਹੈ। ਮਨੁੱਖੀ ਜੀਵ ਨੂੰ ਹਉਮੈ ਗੁਲਾਮ ਕਰ ਰੱਖਦੀ ਹੈ ਅਤੇ ਸ਼ੁਭ ਕਰਮਾਂ ਤੋਂ ਦੂਰ ਲੈ ਜਾਂਦੀ ਹੈ। ਸਤਿਗੁਰੂ ਦੀ ਪ੍ਰਾਪਤੀ ਅਤੇ ਮਿਲਾਪ ਉਪਰੰਤ ਹੀ ਹਉਮੈ ਤੋਂ ਖਹਿੜਾ ਛੁੱਟ ਸਕਦਾ ਹੈ।

ਹਉਮੈ ਤੋਂ ਮੁਕਤੀ ਲਈ ਗੁਰਬਾਣੀ ਵਿਚੋਂ ਰੋਸ਼ਨੀ ਮਿਲਦੀ ਹੈ। ਗੁਰੂ ਅਮਰਦਾਸ ਜੀ ਦਾ ਗਉੜੀ ਰਾਗ ਵਿਚ ਫੁਰਮਾਨ ਹੈ :

ਗੁਰ ਸਬਦੁ ਵੀਚਾਰੇ ਹਉਮੈ ਮਾਰੇ ਇਨ ਬਿਧਿ ਮਿਲਹੁ ਪਿਆਰੇ।
---------------------------
ਗੁਰ ਸਬਦੁ ਸੇਵੇ ਸਚਿ ਸਮਾਵੈ ਵਿਚਹੁ ਹਉਮੈ ਮਾਰੇ।

(ਗਉੜੀ ਮ: 3, ਪੰਨਾ 244)

ਉਪਰਲੀ ਤੁੱਕ ਤੋਂ ਸਪਸ਼ਟ ਹੈ ਕਿ ਗੁਰਬਾਣੀ ਦੇ ਲੜ ਲੱਗਿਆਂ, ਸ਼ਬਦ ਦੀ ਵੀਚਾਰ ਦਵਾਰਾ ਜੀਵਨ ਨੂੰ ਢਾਲਣਾ ਪਵੇਗਾ, ਇਸ ਵਿਧੀ ਨਾਲ ਹਉਮੈ ਤੋਂ ਬੰਦ-ਖਲਾਸੀ ਹੋ ਜਾਵੇਗੀ ਅਤੇ ਪ੍ਰਭੂ ਨਾਲ ਮਿਲਾਪ ਹੋ ਜਾਵੇਗਾ। ਗੁਰਬਾਣੀ ਵਿਚ ਇਹ ਵੀ ਉਪਦੇਸ਼ ਹੋਇਆ ਹੈ ਕਿ ਹਉਮੈ ਦੀ ਮੈਲ ਜਨਮ-ਜਨਮਾਂਤਰਾਂ ਤੋਂ ਮਨੁੱਖ ਨੂੰ ਚੰਬੜੀ ਹੋਈ ਹੈ ਅਤੇ ਗੁਰ ਸੰਗਤ ਦਵਾਰਾ ਇਸ ਤੋਂ ਬੰਦ-ਖਲਾਸੀ ਹੋ ਸਕਦੀ ਹੈ :

ਜਨਮ ਜਨਮ ਦੀ ਹਉਮੈ ਮਲੁ ਲਾਗੀ
ਮਿਲਿ ਸੰਗਤਿ ਮਲੁ ਲਹਿ ਜਾਵੈਗੋ।

(ਕਾਨੜਾ ਮ: 4, ਪੰਨਾ 1309)

ਹਉਮੈ ਦੇ ਨੈਗੇਟਿਵ ਲੱਛਣਾਂ ਦਾ ਵੇਰਵਾ ਗੁਰਬਾਣੀ ਵਿਚੋਂ ਬਹੁਤ ਮਿਲ ਜਾਂਦਾ ਹੈ। ਪਰੰਤੂ ਇਸ ਦੇ ਕੁੱਝ ਪਾਜ਼ਿਟਿਵ ਨੁਕਤੇ ਵੀ ਵਿਚਾਰਨ ਦੀ ਲੋੜ ਹੈ। ਜਗਤ (ਸੰਸਾਰ) ਦੀ ਰਚਨਾ ਹਉਮੈ ਦਾ ਸਿੱਟਾ ਹੀ ਹੈ। ਜੇਕਰ ਹਉਮੈ ਅਲੋਪ ਹੋ ਜਾਵੇ ਤਾਂ ਸਾਡੀ ਹੋਂਦ ਵੀ ਅਲੋਪ ਹੋ ਜਾਵੇਗੀ। ਹਉਮੈ ਸੰਸਾਰ ਵਿਚ ਮਨੁੱਖ ਦੇ ਅਸਤਿਤਵ ਲਈ ਜਰੂਰੀ ਹੈ ਪਰੰਤੂ ਇਹ ਦੋਵੇਂ ਅਲਾਮਤਾਂ (ਹਉਮੈ ਅਤੇ ਮਾਇਆ) ਪ੍ਰਭੂ ਨੇ ਆਪ ਹੀ ਲਾਈਆਂ ਹਨ ਤਾਂ ਕਿ ਮਨੁੱਖ ਇਨ੍ਹਾਂ ਤੋਂ ਵਿਧੀ-ਵਿਧਾਨ ਰਾਹੀਂ ਮੁਕਤੀ ਪ੍ਰਾਪਤ ਕਰਕੇ ਸੁਰਖਰੂ ਹੋ ਜਾਵੇ।

ਹਉਮੈ ਵਿਚਿ ਜਗੁ ਉਪਜੈ ਪੁਰਖਾ
ਨਾਮਿ ਵਿਸਰਿਐ ਦੁਖੁ ਪਾਈ।

(ਰਾਮਕਲੀ ਸਿਧ ਗੋਸਟਿ ਮਃ 1, ਪੰਨਾ 946)

ਹਉਮੈ ਮੋਹੁ ਉਪਜੈ ਸੰਸਾਰਾ।
ਸਭੁ ਜਗੁ ਬਿਨਸੈ ਨਾਮੁ ਵਿਸਾਰਾ।

(ਮਾਰੂ ਸੋਲਹੇ ਮਃ 3, ਪੰਨਾ 1057)

ਇਸ ਗੁੰਝਲ ਨੂੰ ਸਮਝਣ ਲਈ ਭਾਈ ਜੋਧ ਸਿੰਘ (ਪੂਰਵ-ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ) ਹੋਰਾਂ ਦੀ ਦਲੀਲ ਦਾ ਜ਼ਿਕਰ ਕਰਨਾ ਬਣਦਾ ਹੈ। ਭਾਈ ਸਾਹਿਬ ਆਪਣੇ ਵਿਖਿਆਨ ਵਿਚ ਦੱਸ ਰਹੇ ਸਨ ਕਿ ਮਨੁੱਖ ਸਰੀਰਕ ਸ਼ਕਤੀ ਪ੍ਰਾਪਤ ਕਰਨ ਲਈ ਕਈ ਰੋਕਾਂ ਦਾ ਮੁਕਾਬਲਾ ਕਰਦਾ ਹੈ, ਉਦਾਹਰਣ ਲਈ ਡੌਲੇ ਮਜ਼ਬੂਤ ਕਰਨ ਲਈ ਪੱਕੇ ਫਰਸ਼ ਉਪਰ ਪੁਸ਼-ਅੱਪ ਕਰਦਾ ਹੈ। ਇਸੇ ਤਰ੍ਹਾਂ ਹੀ ਅਧਿਆਤਮਕ ਬਲ ਜਾਂ ਆਤਮਿਕ ਉਨਤੀ ਲਈ ਉਸ ਨੂੰ ਜੀਵਨ ਵਿਚ ਮਾਇਆ ਅਤੇ ਹਉਮੈ ਨਾਲ ਘੋਲ ਕਰਨਾ ਪੈਂਦਾ ਹੈ। ਗੁਰਮੁਖਿ ਜਨ ਇਸ ਘੋਲ ਵਿਚ ਜਿੱਤ ਪ੍ਰਾਪਤ ਕਰਦੇ ਹਨ ਅਤੇ ਜੀਵਨ ਸਫਲਾ ਕਰ ਲੈਂਦੇ ਹਨ। ਇਹੋ ਗੁਰ-ਉਪਦੇਸ਼ ਹੈ।

✵✵✵

# 5.
# ਨਾਮ ਦੀ ਮਹਿਮਾ

ਗੁਰੂ ਗ੍ਰੰਥ ਸਾਹਿਬ ਵਿਚ ਦੋ ਪਦ ਨਾਮ ਅਤੇ ਨਾਮੁ, ਸਭ ਤੋਂ ਵਧੀਕ ਵਾਰ ਆਉਂਦੇ ਹਨ ਲਗਭਗ 4257 ਵਾਰ। ਜੇਕਰ ਨਾਉ, ਨਾਮੇ, ਨਾਮੈ ਅਤੇ ਨਾਮਹੁ ਵੀ ਸ਼ਾਮਲ ਕਰ ਲਈਏ ਤਾਂ ਇਹ ਗਿਣਤੀ4865 ਹੋ ਜਾਂਦੀ ਹੈ। ਇਉਂ ਜਾਪਦਾ ਹੈ ਕਿ ਪੂਰਾ ਗੁਰੂ ਗ੍ਰੰਥ ਸਾਹਿਬ ਨਾਮੁ ਦੀ ਮਹਿਮਾ ਦਾ ਹੀ ਗ੍ਰੰਥ ਹੈ। ਸਿੱਖ ਧਰਮ ਦਾ ਮੁੱਖ ਮੁੱਦਾ ਨਾਮੁ ਦੀ ਵਡਿਆਈ ਹੈ ਅਤੇ ਨਾਮੁ ਦੇ ਪਾਸਾਰ ਦਵਾਰਾ ਜਗਤ ਦਾ ਕਲਿਆਣ ਹੈ। ਧਾਰਮਿਕ ਦੀਵਾਨਾਂ ਵਿਚ ਸੁਣਿਆ ਕਰਦਾ ਸਾਂ ਕਿ ਨਾਮ ਅਤੇ ਨਾਮੀ ਵਿਚ ਕੋਈ ਭੇਦ ਨਹੀਂ ਹੁੰਦਾ। ਜਿਸ ਸ਼ਕਤੀ ਦਾ ਨਾਮ ਰਟਨ ਕੀਤਾ ਜਾਵੇ, ਉਸ ਤੱਕ ਪਹੁੰਚਿਆ ਜਾ ਸਕਦਾ ਹੈ। ਨਾਮ ਜਪਣਾ ਸਿੱਖ ਦੇ ਧਰਮ-ਕਰਮ ਵਿਚ ਸ਼ਾਮਲ ਹੈ ਅਤੇ ਸਿੱਖ ਰਹਿਤ ਮਰਿਆਦਾ ਵਿਚ ਇਸ ਦਾ ਜ਼ਿਕਰ ਹੈ। ਹਰ ਸਿੱਖ ਲਈ ਅੰਮ੍ਰਿਤ ਵੇਲੇ ਜਾਗਣ ਦੀ ਹਦਾਇਤ ਹੈ। ਬਲਕਿ ਸੂਰਜ ਉਦੇ ਹੋਣ ਤੋਂ ਇਕ ਪਹਿਰ (ਤਿੰਨ ਘੰਟੇ) ਪਹਿਲਾਂ ਨਾਮ ਸਿਮਰਨ ਕਰਨਾ ਲਾਹੇਵੰਦ ਦੱਸਿਆ ਗਿਆ ਹੈ।

**ਨਾਮ ਬਾਰੇ ਭਰਮ-ਭੁਲੇਖੇ** :- ਗੁਰਬਾਨੀ ਦੀ ਰੋਸ਼ਨੀ ਵਿਚ ਵਿਚਾਰਿਆਂ ਪਤਾ ਲਗਦਾ ਹੈ ਕਿ ਪ੍ਰਭੂ-ਪ੍ਰਮਾਤਮਾ ਦਾ ਕੋਈ ਨਾਮ ਨਹੀਂ ਉਹ ਅਨਾਮੀ ਹੈ। ਗੁਰੂ ਗੋਬਿੰਦ ਸਿੰਘ ਜੀ ਜਾਪੁ ਸਾਹਿਬ ਦੇ ਸ਼ੁਰੂ ਵਿਚ ਹੀ ਇਹ ਭੁਲੇਖਾ ਦੂਰ ਕਰ ਦਿੰਦੇ ਹਨ ਕਿ ਉਸ ਪਰਮ ਸ਼ਕਤੀ ਜਿਸ ਦਾ ਕੋਈ ਰੂਪ ਰੰਗ, ਜਾਤ ਪਾਤ ਅਤੇ ਚੱਕ੍ਰ ਚਿਹਨ ਨਹੀਂ ਹੈ, ਉਸ ਦਾ ਕੋਈ ਕਿਵੇਂ ਬਿਆਨ ਕਰ ਸਕਦਾ ਹੈ, ਕੇਵਲ ਉਸ ਪ੍ਰਭੂ ਦੇ 'ਕਰਮ ਨਾਮ' ਹੀ ਬਿਆਨ ਕੀਤੇ ਜਾ ਸਕਦੇ ਹਨ। ਜਾਪੁ ਸਾਹਿਬ ਵਿਚ ਪ੍ਰਭੂ ਦੇ ਗੁਣਾਂ ਉਪਰ ਅਧਾਰਿਤ ਨਾਮਾਂ ਦਾ ਹੀ ਉਲੇਖ ਮਿਲਦਾ ਹੈ।

ਗੁਰਬਾਣੀ ਵਿਚ 'ਸਤਿਨਾਮੁ' ਹੀ ਪ੍ਰਭੂ ਦਾ ਮੁਢਲਾ ਨਾਮ ਦੱਸਿਆ ਗਿਆ ਹੈ ਕਿਉਂਕਿ ਉਹ ਸਦੀਵ ਸੱਚ ਹੈ। ਬਾਕੀ ਸਾਰੇ ਕਿਰਤਮ ਨਾਮ ਹਨ :

ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿ ਨਾਮ ਤੇਰਾ ਪਰਾ ਪੂਰਬਲਾ।

ਗੁਰਬਾਣੀ ਵਿਚ ਰਾਮ, ਅੱਲ੍ਹਾ, ਰਹੀਮ ਅਤੇ ਹੋਰ ਬੇਅੰਤ ਨਾਮ ਪ੍ਰਭੂ ਲਈ ਵਰਤੇ ਗਏ ਹਨ ਜੋ ਗੁਰੂ-ਕਾਲ ਵੇਲੇ ਪ੍ਰਚੱਲਤ ਸਨ। ਕਿਸੇ ਗੁਰੂ ਨੇ ਸਿੱਖਾਂ ਲਈ ਰੱਬ ਦਾ ਕੋਈ ਵੱਖਰਾ 'ਨਾਮ' ਨਹੀਂ ਘੜਿਆ। ਭਾਈ ਗੁਰਦਾਸ ਨੇ ਆਪਣੀ ਰਚਨਾ ਵਿਚ 'ਵਾਹਿਗੁਰੂ' ਪਦ ਦੀ ਵਰਤੋਂ ਸਿੱਖਾਂ ਦੇ ਗੁਰ-ਮੰਤਰ ਲਈ ਦਰਸਾਈ ਹੈ ਅਤੇ ਇਸ ਦੇ ਚਾਰੇ ਅਖਰਾਂ ਦੀ ਵਿਆਖਿਆ ਪੇਸ਼ ਕੀਤੀ ਹੈ। ਕਈ ਪੜ੍ਹੇ-ਲਿਖੇ ਸਿੱਖ ਭਾਈ ਗੁਰਦਾਸ ਜੀ ਦੀ ਇਸ ਵਿਆਖਿਆ ਨੂੰ 'ਵੇਦਾਂਤ' ਤੋਂ ਪ੍ਰਭਾਵਿਤ ਦੱਸਦੇ ਹਨ ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਵੀ ਐਸਾ ਸੰਕੇਤ ਨਹੀਂ ਮਿਲਦਾ। ਭੱਟਾਂ ਦੇ ਸਵੱਈਏ ਵਾਹ-ਗੁਰੂ ਜਾਂ ਵਾਹਿਗੁਰੂ ਪਦ ਗੁਰੂਆਂ ਲਈ ਵਰਤਦੇ ਹਨ। ਬਲਕਿ ਭੱਟ ਤਾਂ ਗੁਰੂਆਂ ਦੀ ਹਿੰਦੂ ਅਵਤਾਰਾਂ ਨਾਲ ਤੁਲਨਾ ਕਰਨੋਂ ਵੀ ਨਹੀਂ ਝਿਜਕਦੇ। ਹਿੰਦੂ ਮਿਥਹਾਸ ਦੀ ਵਰਤੋਂ ਖੁੱਲ੍ਹ ਕੇ ਕਰਦੇ ਹਨ। ਸੋ ਸਿੱਟਾ ਇਹੋ ਨਿਕਲਦਾ ਹੈ ਕਿ 'ਵਾਹਿਗੁਰੂ' ਸ਼ਬਦ ਦਾ ਜਾਪ ਗੁਰੂਆਂ ਵੱਲੋਂ ਨਿਰਧਾਰਤ ਨਹੀਂ ਕੀਤਾ ਗਿਆ, ਗੁਰੂਕਾਲ ਤੋਂ ਬਾਅਦ ਹੀ ਪ੍ਰਵਾਣਤ ਚੜ੍ਹਿਆ ਜਾਪਦਾ ਹੈ। ਇਸ ਵਿਸ਼ੇ ਉਪਰ ਖੋਜ ਹੋਣੀ ਲਾਜ਼ਮੀ ਹੈ।

29 ਮਈ (2017) ਦੇ ਗੁਰਸਿੱਖ ਨੀਊਜ਼ ਆਨਲਾਈਨ ਪਰਚੇ ਵਿਚ ਅਰਵਿੰਦਰ ਸਿੰਘ ਨੇ ਇਸ ਮੁੱਦੇ ਉਪਰ ਬਹਿਸ ਛੇੜੀ ਹੈ ਕਿ ਰੱਬ ਦਾ ਨਾਮ ਕੀ ਹੈ ਅਤੇ ਇਸ ਨੂੰ ਕਿਵੇਂ ਜਪਣਾ ਹੈ। ਉਸ ਨੇ ਸਵਾਲ-ਜਵਾਬ ਦੇ ਸਿਲਸਿਲੇ ਰਾਹੀਂ ਇਸ ਸਮੱਸਿਆ ਦਾ ਹੱਲ ਢੂੰਢਣ ਦੀ ਕੋਸ਼ਿਸ਼ ਕੀਤੀ ਹੈ :

**ਸਵਾਲ** : ਕੀ ਵਾਹਿਗੁਰੂ ਸਚ-ਮੁੱਚ ਰੱਬ ਦਾ ਨਾਮ ਹੈ ?

**ਜਵਾਬ** : ਨਾਉ ਤੇਰਾ ਨਿਰੰਕਾਰ ਹੈ, ਨਾਇ ਲਇਐ ਨਰਕਿ ਨ ਜਾਈਐ।

(ਆਸਾ ਮਃ 1, ਪੰਨਾ 465)

ਉਸ ਨੇ ਜਵਾਬ ਗੁਰਬਾਣੀ ਵਿਚੋਂ ਢੂੰਢਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸਿੱਟਾ ਕੱਢਿਆ ਹੈ ਕਿ ਨਿਰੰਕਾਰ ਹੀ ਪ੍ਰਭੂ ਦਾ ਨਾਮ ਹੈ। ਸਤਿਗੁਰੂ ਹੀ ਬਾਣੀ ਰੂਪ ਹੈ ਜੋ ਨਿਰੰਕਾਰ ਹੈ। ਨਾਮ ਸਤਿਗੁਰੂ ਕੋਲੋਂ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਦਾ ਫੁਰਮਾਨ ਹੈ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ।

(ਗੁਜਰੀ ਵਾਰ ਮਃ 3, ਪੰਨਾ 515 )

ਅਰਵਿੰਦਰ ਦਾ ਕਹਿਣਾ ਹੈ ਕਿ ਪੂਰੀ ਗੁਰਬਾਣੀ ਹੀ ਨਿਰੰਕਾਰ ਦੀ ਉਸਤਤ ਕਰਨ ਲਈ ਹੈ, ਕਿਸੇ ਇਕ ਸ਼ਬਦ ਦੇ ਰਟਣ ਦੀ ਜ਼ਰੂਰਤ ਨਹੀਂ। ਗੁਰਬਾਣੀ ਦੇ ਦਰਸਾਏ ਮਾਰਗ ਉਪਰ ਚੱਲਣਾ ਹੀ ਲਾਹੇਵੰਦ ਹੋ ਸਕਦਾ ਹੈ, ਤੋਤਾ ਰਟਣ ਨਹੀਂ। ਗੁਰੂ ਅਮਰਦਾਸ ਜੀ ਦਾ ਫੁਰਮਾਣ ਹੈ :

ਵਾਹੁ ਵਾਹੁ ਬਾਣੀ ਸਚੁ ਹੈ ਸਚਿ ਮਿਲਾਵਾ ਹੋਇ॥

(ਗੁਜਰੀ ਵਾਰ ਮਃ 3, ਪੰਨਾ 514)

ਜਿਸ ਤੋਂ ਸਪਸ਼ਟ ਹੈ ਕਿ ਸੱਚੀ ਬਾਣੀ ਦੇ ਜ਼ਰੀਏ ਸੱਚੇ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ। ਹੁਣ ਸਵਾਲ ਉਠਦਾ ਹੈ ਕਿ ਕੀ ਹਰ ਸਮੇਂ ਬਾਣੀ ਪੜ੍ਹਣ ਨਾਲ ਹੀ ਪ੍ਰਭੂ ਮਿਲਾਪ ਹੋ ਜਾਵੇਗਾ ? ਕਈ ਗੁਰਦਵਾਰਿਆਂ ਵਿਚ ਪਾਠਾਂ ਦੀਆਂ ਲੜੀਆਂ ਚੱਲਦੀਆਂ ਰਹਿੰਦੀਆਂ ਹਨ। ਪਾਠ ਦਾ ਵਿਧੀ ਵਿਧਾਨ ਸਿੱਖ ਰਹਿਤ ਮਰਿਆਦਾ ਵਿਚ ਦੱਸਿਆ ਗਿਆ ਹੈ। ਅਖੰਡ ਪਾਠ ਦੀ ਸਿਫ਼ਾਰਸ਼ ਨਹੀਂ ਕੀਤੀ ਗਈ ਪ੍ਰੰਤੂ ਕਿਸੇ ਐਮਰਜੈਂਸੀ ਵਿਚ ਕਰਨਾ ਪੈ ਜਾਵੇ ਤਾਂ ਕੋਈ ਮਨਾਹੀ ਨਹੀਂ ਕੀਤੀ ਗਈ।

**ਨਾਮ ਦੀ ਮਹਿਮਾ** : ਗੁਰੂ ਨਾਨਕ ਸਾਹਿਬ ਜਪੁਜੀ ਵਿਚ ਨਾਮ ਦੀ ਮਹਿਮਾ ਇਸ ਤਰ੍ਹਾਂ ਬਿਆਨ ਕਰਦੇ ਹਨ :

ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ।
ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ। (ਜਪੁਜੀ, ਪੰਨਾ 7)

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ। (ਜਪੁਜੀ, ਪੰਨਾ 8)

ਸੋ ਪ੍ਰਭੂ ਦੇ ਨਾਮ ਨੂੰ ਧਿਆਵਣ ਉਪਰ ਬਹੁਤ ਜੋਰ ਦਿੱਤਾ ਗਿਆ ਹੈ ਅਤੇ ਉਸ ਦੇ ਫਲਸਰੂਪ ਪ੍ਰਾਣੀ ਆਪ ਮੁਕਤ ਹੋ ਜਾਂਦਾ ਹੈ ਅਤੇ ਹੋਰਨਾਂ ਲਈ ਵੀ ਚਾਨਣ ਮੁਨਾਰੇ ਦਾ ਕੰਮ ਕਰਦਾ ਹੈ। ਪ੍ਰਭੂ ਸਿਮਰਨ ਏਕਾਂਤ ਵਿਚ ਕਰਨ ਲਈ ਹਿਦਾਇਤ ਹੈ। ਪੁਰਾਤਨ ਕਾਲ ਵਿਚ ਰਿਸ਼ੀ ਮੁਨੀ ਨਦੀ ਦੇ ਕਿਨਾਰੇ ਇਕਾਂਤ ਵਿਚ ਧਿਆਨ ਕੇਂਦਰਤਿ ਹੁੰਦੇ ਸਨ। ਮਹਾਤਮਾ ਬੁੱਧ ਦੀ ਸਮਾਧੀ ਬਾਬਤ ਬਹੁਤ ਕੁੱਝ ਲਿਖਿਆ ਮਿਲਦਾ ਹੈ। ਸਿੱਖ ਗੁਰੂਆਂ ਨੇ ਸਭ ਤੋਂ ਉਤਮ ਸਾਧਨ ਸਾਧ ਸੰਗਤ ਦੀ ਸ਼ਮੂਲੀਅਤ ਦੱਸਿਆ ਹੈ ਜਿਸ ਦਵਾਰਾ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ :

ਧੰਨ ਧੰਨ ਸਤਸੰਗਤਿ ਜਿਤੁ ਹਰ ਰਸੁ ਪਾਇਆ
ਮਿਲਿ ਜਨ ਨਾਨਕ ਨਾਮੁ ਪਰਗਾਸਿ।

(ਗੁਜਰੀ ਮਃ 4, ਪੰਨਾ 10)

ਨਾਮ ਜਪਣ ਬਾਰੇ ਏਨੀ ਸਖਤ ਤਾੜਨਾ ਕੀਤੀ ਗਈ ਹੈ ਕਿ ਹੋਰ ਕੰਮ ਧੰਧੇ ਨਿਹਫਲ ਦੱਸੇ ਗਏ ਹਨ :

ਜਪਹੁ ਤ ਏਕੋ ਨਾਮਾ॥ ਅਵਰ ਨਿਰਾਫਲ ਕਾਮਾ॥

(ਸੂਹੀ ਮਃ 1, ਪੰਨਾ 728)

ਇਹ ਇਕ ਹੋਰ ਗੁੰਝਲਦਾਰ ਬੁਝਾਰਤ ਹੈ ਕਿ ਹਰ ਸਮੇਂ ਨਾਮ ਦਾ ਜਾਪ ਕਿਵੇਂ ਹੋ ਸਕਦਾ ਹੈ ਜਦ ਕਿ ਗ੍ਰਹਿਸਤੀ ਜੀਵਨ ਦੀਆਂ ਜ਼ੁੰਮੇਵਾਰੀਆਂ ਵੀ ਹੁੰਦੀਆਂ ਹਨ। ਗੁਰਬਾਣੀ ਵਿਚ ਭਗਤ ਨਾਮਦੇਵ ਜੀ ਅਤੇ ਭਗਤ ਕਬੀਰ ਇਸ ਗੁੰਝਲ ਦਾ ਹੱਲ ਬਿਆਨ ਕਰਦੇ ਹਨ :

ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ।

(ਰਾਮਕਲੀ ਨਾਮਦੇਵ, ਪੰਨਾ 973)

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ।
ਹਾਥ ਪਾਉ ਕਰਿ ਕਾਮੁ ਸਭ ਚੀਤ ਨਿਰੰਜਨ ਨਾਲਿ।

(ਸਲੋਕ ਭਗਤ ਕਬੀਰ, ਪੰਨਾ 1375)

ਦੋਹਾਂ ਸ਼ਬਦਾਂ ਵਿਚ ਇਕੋ ਨਿਚੋੜ ਕੱਢਿਆ ਗਿਆ ਹੈ ਕਿ ਜੇਕਰ ਮਨੁੱਖ ਕਾਰ-ਵਿਹਾਰ ਕਰਦਾ ਹੋਇਆ ਆਪਣੀ ਚਿੱਤ-ਬਿਰਤੀ ਪ੍ਰਭੂ ਚਰਨਾਂ ਵਿਚ ਜੋੜੀ ਰੱਖੇ ਤਾਂ ਇਹ ਨਾਮ ਜਪਣ ਤੁੱਲ ਹੈ ਅਤੇ ਪ੍ਰਵਾਨਿਤ ਵਿਧੀ ਹੈ। ਭਗਤ ਨਾਮਦੇਵ ਇਕ ਹੋਰ ਸ਼ਬਦ ਵਿਚ ਇਸ ਵਿਧੀ ਦੀ ਵਿਆਖਿਆ ਵੀ ਕਰਦੇ ਹਨ ਜੋ ਕੁਝ ਇਸ ਤਰ੍ਹਾਂ ਹੈ : ਨਵਜਾਤ ਬੱਚੇ ਦੀ ਮਾਂ ਆਪਣਾ ਕੰਮ ਧੰਧਾ ਕਰਦੀ ਹੋਈ ਆਪਣੀ ਬਿਰਤੀ ਪੰਘੂੜੇ ਵਿਚ ਪਏ ਬੱਚੇ ਵੱਲ ਕੇਂਦਰਿਤ ਰੱਖਦੀ ਹੈ। ਖੂਹ ਤੋਂ ਪਾਣੀ ਭਰ ਕੇ ਜਦੋਂ ਮੁਟਿਆਰਾਂ ਆਪਸ ਵਿਚ ਕਲੋਲਾਂ ਕਰਦੀਆਂ ਘਰਾਂ ਨੂੰ ਪਰਤਦੀਆਂ ਹਨ ਤਾਂ ਉਨ੍ਹਾਂ ਦਾ ਧਿਆਨ ਆਪਣੇ ਸਿਰਾਂ ਤੇ ਚੁੱਕੀਆਂ ਗਾਗਰਾਂ ਤੇ ਕੇਂਦਰਿਤ ਰਹਿੰਦਾ ਹੈ। ਪਤੰਗ ਉਡਾ ਰਹੇ ਬੱਚੇ ਗੱਲਾਂ ਬਾਤਾਂ ਵਿਚ ਮਸਤ ਰਹਿ ਕੇ ਵੀ ਧਿਆਨ ਆਪਣੀ ਡੋਰੀ ਤੇ ਕੇਂਦਰਿਤ ਰੱਖਦੇ ਹਨ। ਇਹੋ ਜਹੀਆਂ ਹੋਰ ਉਦਾਹਰਣਾਂ ਦੇ ਕੇ ਸਮਝਾਇਆ ਗਿਆ ਹੈ ਕਿ ਧਿਆਨ ਦਾ ਫੋਕਸ ਪ੍ਰਭੂ ਹੋਵੇ ਤਾਂ ਇਹ ਵਿਧੀ ਵੀ ਪ੍ਰਵਾਨ ਹੈ :

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰ ਪੁਰੰਦਰੀਏ।
ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰ ਰਾਖੀਅਲੇ।
ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ।
ਅੰਤਰਿ ਬਾਹਰਿ ਕਾਜ ਬਿਰੂਧੀ ਚੀਤ ਸੁ ਬਾਰਿਕ ਰਾਖੀਅਲੇ।

(ਰਾਮਕਲੀ ਨਾਮਦੇਵ ਜੀ, ਪੰਨਾ 972)

✵✵✵

# 6.

# ਅੰਮ੍ਰਿਤ ਸਰੁ ਅਤੇ ਹਰਿ ਮੰਦਰੁ ਤੋਂ ਕੀ ਭਾਵ ਹੈ ?

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਅੰਮ੍ਰਿਤਸਰੁ 10 ਵਾਰ ਆਉਂਦਾ ਹੈ ਅਤੇ ਹਰਿਮੰਦਰ 19 ਵਾਰ ਜਦਕਿ ਅੰਮ੍ਰਿਤ ਪਦ ਇਕੱਲਾ 365 ਵਾਰ। ਕਈ ਸਿੱਖਾਂ ਨੂੰ ਇਹ ਟਪਲਾ ਲੱਗਦਾ ਹੈ ਕਿ ਇਹ ਸ਼ਬਦ ਗੁਰੂਆਂ ਨੇ ਅੰਮ੍ਰਿਤਸਰ ਸ਼ਹਿਰ ਅਤੇ ਹਰਿਮੰਦਰ ਸਾਹਿਬ (ਗੁਰਦਵਾਰੇ) ਲਈ ਵਰਤੇ ਹਨ। ਮੇਰੀ ਜਾਣਕਾਰੀ ਵਿਚ ਆਇਆ ਹੈ ਕਿ ਇਕ ਸੱਜਣ ਨੇ ਇਸ ਵਿਸ਼ੇ ਉਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ.ਐਚ.ਡੀ. ਵੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਉਂਕਿ ਉਸ ਨੇ ਸਿੱਧ ਕਰਨਾ ਸੀ ਕਿ ਗੁਰਬਾਣੀ ਵਿਚ ਅੰਮ੍ਰਿਤਸਰ ਸ਼ਬਦ ਇਸ ਸਮੇਂ ਦੇ ਮੌਜੂਦਾ ਸ਼ਹਿਰ ਲਈ ਵਰਤਿਆ ਗਿਆ ਹੈ। ਭੋਲੇ ਸੱਜਣ ਨੂੰ ਇਹ ਸੋਝੀ ਨਹੀਂ ਸੀ ਕਿ ਅੰਮ੍ਰਿਤਸਰ ਸ਼ਬਦ ਦੀ ਵਰਤੋਂ ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਹੋਈ ਹੈ। ਪਹਿਲੇ 3 ਗੁਰੂਆਂ ਦੇ ਕਾਲ ਵਿਚ ਅੰਮ੍ਰਿਤਸਰ ਸ਼ਹਿਰ ਦੀ ਹੋਂਦ ਹੀ ਨਹੀਂ ਸੀ। ਚੌਥੇ ਗੁਰੂ ਰਾਮਦਾਸ ਜੀ ਨੇ ਜੋ ਨਗਰੀ ਵਸਾਈ ਉਸ ਨੂੰ ਚੱਕ ਰਾਮਦਾਸ ਕਿਹਾ ਜਾਂਦਾ ਸੀ। ਮੁਗ਼ਲ ਕਾਲ ਦੇ ਰੈਵੀਨੀਊ ਰੀਕਾਰਡ ਵਿਚ ਕਿਧਰੇ ਵੀ ਅੰਮ੍ਰਿਤਸਰ ਦਾ ਨਾਮ ਨਹੀਂ ਮਿਲਦਾ। ਹੋ ਸਕਦਾ ਹੈ ਮਿਸਲਾਂ ਦੇ ਸਮੇਂ ਜਾਂ ਰਣਜੀਤ ਸਿੰਘ ਦੇ ਰਾਜ ਕਾਲ ਵਿਚ 'ਚੱਕ ਰਾਮਦਾਸ' ਤੋਂ ਅੰਮ੍ਰਿਤਸਰ ਨਾਮ ਪ੍ਰਚੱਲਿਤ ਹੋਇਆ ਹੋਵੇ। ਇਹ ਵੀ ਮੁਮਕਿਨ ਹੈ ਕਿ ਅੰਮ੍ਰਿਤ ਸਰੋਵਰ ਦੀ ਮੌਜੂਦਗੀ ਕਰਕੇ ਇਸ ਨੂੰ ਅੰਮ੍ਰਿਤਸਰ ਕਹਿਣ ਲਗ ਪਏ ਹੋਣ। ਇਹ ਇਕ ਵੱਖਰੀ ਖੋਜ ਦਾ ਵਿਸ਼ਾ ਹੈ।

ਗੁਰਬਾਣੀ ਵਿਚ ਆਏ 'ਅੰਮ੍ਰਿਤ' ਅਤੇ 'ਸਰੁ' ਜੁੜਵੇਂ ਰੂਪ ਵਿਚ ਨਹੀਂ ਮਿਲਦੇ ਬਲਕਿ ਅਲਹਿਦਾ ਪ੍ਰੰਤੂ ਇਕੱਠੇ ਹੀ ਆਉਂਦੇ ਹਨ ਜਿਸ ਦਾ ਸ਼ਾਬਦਿਕ ਅਰਥ ਹੈ ਅੰਮ੍ਰਿਤ ਦਾ ਸਰੋਵਰ। ਗੁਰੂ ਅਮਰਦਾਸ ਅਤੇ ਰਾਮਦਾਸ ਦੀ ਬਾਣੀ ਵਿਚ ਅੰਮ੍ਰਿਤਸਰੁ ਦੀ ਜੋ ਵਰਤੋਂ ਹੋਈ ਹੈ, ਉਸ ਤੋਂ ਭਾਵ ਅਰਥ ਸਪੱਸ਼ਟ ਹੋ ਜਾਂਦੇ ਹਨ :

ਸਤਿਗੁਰ ਪੁਰਖੁ ਅੰਮ੍ਰਿਤ ਸਰੁ ਵਡਭਾਗੀ ਨਾਵਹਿ ਆਇ।
ਉਨ ਜਨਮ ਜਨਮ ਕੀ ਮੈਲੁ ਉਤਰੈ ਨਿਰਮਲ ਨਾਮ ਦ੍ਰਿੜਾਇ।

(ਸਿਰੀ ਰਾਗ ਮ: 4, ਪੰਨਾ 40 )

ਸਤਿਗੁਰ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ।

(ਮਾਝ ਮ: 3, ਪੰਨਾ 113)

ਪਹਿਲੇ ਸ਼ਬਦ ਵਿਚ 'ਸਤਿਗੁਰੁ ਪੁਰਖੁ' ਭਾਵ ਅਕਾਲ ਪੁਰਖ ਨੂੰ ਅੰਮ੍ਰਿਤ ਦਾ ਸਰੋਵਰ ਦੱਸਿਆ ਗਿਆ ਹੈ ਜਿਸ ਵਿਚ ਵੱਡੇ ਭਾਗਾਂ ਵਾਲੇ ਇਸ਼ਨਾਨ ਕਰਦੇ ਹਨ। ਇਸ਼ਨਾਨ ਤੋਂ ਭਾਵ ਗੁਰਬਾਣੀ ਵਿਚ ਚੁੱਭੀ ਲਾਉਣ ਤੋਂ ਹੈ ਜਿਸ ਵਿਚ ਪਵਿੱਤਰ ਨਾਮ ਦੀ ਹੋਂਦ ਜਨਮ ਜਨਮਾਂਤਰਾਂ ਦੀ ਮਨ ਨੂੰ ਲੱਗੀ ਮੈਲ ਲਾਹ ਦਿੰਦੀ ਹੈ। ਦੂਜੇ ਸ਼ਬਦ ਵਿਚ ਗੁਰੂ ਅਮਰ ਦਾਸ ਵੀ ਸੱਚੇ ਸਤਿਗੁਰੂ ਦੇ ਅੰਮ੍ਰਿਤ ਸਰੋਵਰ ਵਿਚ ਮਨ ਦੇ ਇਸ਼ਨਾਨ ਦੀ ਗੱਲ ਕਰਦੇ ਹਨ। ਸਰੀਰ ਦੇ ਇਸ਼ਨਾਨ ਦੀ ਗੱਲ ਨਹੀਂ ਹੋ ਰਹੀ। ਦੋਹਾਂ ਸ਼ਬਦਾਂ ਵਿਚ ਭਾਵ-ਅਰਥ ਦੀ ਸਮਾਨਤਾ ਹੈ।

ਦੋ ਹੋਰ ਸ਼ਬਦ ਜੋ ਸਿੱਖ ਸੰਗਤਾਂ ਵਿਚ ਭੁਲੇਖੇ ਦਾ ਕਾਰਣ ਬਣੇ ਹੋਏ ਹਨ ਕਿਉਂਕਿ ਇਨ੍ਹਾਂ ਦੀ ਵਿਆਖਿਆ ਗ਼ਲਤ ਤਰੀਕੇ ਨਾਲ ਹੋ ਰਹੀ ਹੈ :

ਅੰਮ੍ਰਿਤ ਸਰੁ ਸਤਿਗੁਰੁ ਸਤਵਾਦੀ ਜਿਤੁ ਨਾਤੈ ਕਊਆ ਹੰਸ ਹੋਹੈ।

(ਗੂਜਰੀ ਮ: 4, ਪੰਨਾ 493)

ਲਾਹੌਰ ਸਹਰੁ ਅੰਮ੍ਰਿਤ ਸਰੁ ਸਿਫਤੀ ਦਾ ਘਰੁ।

(ਸਲੋਕ ਵਾਰਾਂ ਤੇ ਵਧੀਕ, ਮ: 3, ਪੰਨਾ 1412)

ਪਹਿਲੀ ਤੁਕ ਵਿਚ 'ਸਤਿਗੁਰੁ' ਨੂੰ ਹੀ ਅੰਮ੍ਰਿਤ ਸਰੋਵਰ ਦੱਸਿਆ ਗਿਆ ਹੈ ਜਦਕਿ ਆਮ ਸਿੱਖ ਇਸ ਨੂੰ ਹਰੀ ਮੰਦਰ ਸਾਹਿਬ ਦੇ ਸਰੋਵਰ ਨਾਲ ਜੋੜ ਲੈਂਦੇ ਹਨ ਅਤੇ ਸਮਝਦੇ ਹਨ ਕਿ ਪੁਰਾਤਨ ਗਾਥਾ ਅਨੁਸਾਰ ਕਊਆ ਇਸ ਵਿਚ ਚੁੱਭੀ ਲਾ ਕੇ ਹੰਸ ਬਣ ਗਿਆ ਸੀ। ਦੂਜੀ ਤੁਕ ਦਾ ਪ੍ਰਚਾਰ ਤਾਂ ਬਹੁਤ ਹੀ ਜਿਆਦਾ ਹੋ ਰਿਹਾ ਹੈ ਅਤੇ ਹਰ ਘਰ ਵਿਚ ਮਾਟੋ ਵਾਂਗ ਵਰਤਿਆ ਜਾ ਰਿਹਾ ਹੈ ਜਿਸ ਵਿਚ 'ਅੰਮ੍ਰਿਤਸਰ ਸਿਫਤੀ ਦਾ ਘਰ' ਰੱਖ ਕੇ 'ਲਾਹੌਰ ਸਹਰੁ' ਗਾਇਬ ਕਰ ਦਿਤਾ ਗਿਆ ਹੈ। ਦਰਅਸਲ ਇਹ ਵਡਿਆਈ ਲਾਹੌਰ ਸ਼ਹਿਰ ਦੀ ਹੋ ਰਹੀ ਹੈ ਨਾ ਕਿ ਅੰਮ੍ਰਿਤਸਰ ਸ਼ਹਿਰ ਦੀ? ਪ੍ਰੋ. ਸਾਹਿਬ ਸਿੰਘ ਹੋਰਾਂ ਇਸ ਦੀ ਸਹੀ ਵਿਆਖਿਆ ਕੀਤੀ ਹੈ। ਬਾਕੀ ਦੇ 6 ਸ਼ਬਦਾਂ ਵਿਚ ਵੀ 'ਅੰਮ੍ਰਿਤ ਸਰੁ' ਦੀ ਵਰਤੋਂ ਹੁਣ ਵਾਲੇ ਅੰਮ੍ਰਿਤਸਰ ਸ਼ਹਿਰ ਲਈ ਨਹੀਂ ਹੋਈ। ਗੁਰੂ ਅਮਰਦਾਸ ਜੀ ਤਾਂ ਉਪਦੇਸ਼ ਕਰਦੇ ਹਨ ਕਿ ਇਹ ਅੰਮ੍ਰਿਤ ਸਰੋਵਰ ਮਨੁੱਖ ਦੇ ਸਰੀਰ ਅੰਦਰ ਹੀ ਮੌਜੂਦ ਹੈ:

ਕਾਇਆ ਅੰਦਰਿ ਅੰਮ੍ਰਿਤ ਸਰੁ ਸਾਚਾ ਮਨੁ ਪੀਵੈ ਭਾਇ ਸੁਭਾਈ ਹੇ।

(ਮਾਰੂ ਸੋਲਹੇ, ਮ: 3, ਪੰਨਾ 1046)

## ਹਰਿ ਮੰਦਰੁ ਬਾਰੇ ਭੁਲੇਖਾ

'ਹਰਿ ਮੰਦਰੁ' ਨੂੰ ਆਮ ਸਿੱਖ ਗੋਲਡਨ ਟੈਂਪਲ ਵਾਲੇ ਹਰਿਮੰਦਰ ਨਾਲ ਜੋੜ ਕੇ ਵੇਖਦਾ ਹੈ। ਦਰਅਸਲ ਗੁਰਬਾਣੀ ਵਿਚ 'ਹਰਿ ਮੰਦਰੁ' ਉਸ ਅਸਥਾਨ ਲਈ ਵਰਤਿਆ ਗਿਆ ਹੈ ਜਿਥੋਂ ਪ੍ਰਭੂ ਪ੍ਰਮਾਤਮਾ ਦੀ ਪ੍ਰਾਪਤੀ ਹੋ ਜਾਵੇ। ਗੁਰੂ ਅਮਰਦਾਸ ਦੀ ਬਾਣੀ ਵਿਚ ਇਸ ਦੀ ਸਰਲ ਵਿਆਖਿਆ ਮਿਲ ਜਾਂਦੀ ਹੈ। 'ਹਰਿਮੰਦਰੁ' ਕੀ ਹੈ ਅਤੇ ਕਿਥੇ ਹੈ? ਹੇਠਲੇ ਸ਼ਬਦਾਂ ਵਿਚੋਂ ਟੋਹ ਪੈ ਜਾਂਦੀ ਹੈ:

ਹਰਿ ਮੰਦਰੁ ਸੋਈ ਆਖੀਐ ਜਿਥਹੁ ਹਰਿ ਜਾਤਾ।
ਮਾਨਸ ਦੇਹ ਗੁਰਬਾਣੀ ਪਾਇਆ ਸਭੁ ਆਤਮ ਰਾਮੁ ਪਛਾਤਾ।
ਬਾਹਰਿ ਮੂਲ ਨ ਖੋਜੀਐ ਘਰ ਮਾਹਿ ਬਿਧਾਤਾ।
ਮਨਮੁਖ ਹਰਿ ਮੰਦਰ ਕੀ ਸਾਰ ਨ ਜਾਣਨੀ ਤਿਨੀ ਜਨਮ ਗਵਾਤਾ।

(ਰਾਮਕਲੀ ਮ: 3, ਪੰਨਾ 953)

ਗੁਰੂ ਅਮਰਦਾਸ ਜੀ ਦਾ ਪ੍ਰਭਾਤੀ ਰਾਗ ਵਿਚ ਇਕ ਪੂਰਾ ਸ਼ਬਦ 'ਹਰਿ ਮੰਦਰੁ' ਦੀ ਵਿਆਖਿਆ ਕਰਦਾ ਹੈ। ਇਸ ਸ਼ਬਦ ਦਵਾਰਾ ਉਪਦੇਸ਼ ਹੈ ਕਿ 'ਹਰਿ ਮੰਦਰੁ' ਮਨੁੱਖ ਦਾ ਸਰੀਰ ਹੈ। ਸ਼ਬਦ ਦੀ ਖੋਜ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ। ਮਨਮੁੱਖਾਂ ਨੂੰ ਭ੍ਰਮ ਭੁਲੇਖਾ ਰਹਿੰਦਾ ਹੈ ਕਿ ਇਹ ਸਰੀਰ ਕਿਵੇਂ 'ਹਰਿ ਮੰਦਰੁ' ਹੋ ਸਕਦਾ ਹੈ? ਦਰਅਸਲ ਇਹ ਸਾਰਾ ਜਗਤ ਹੀ ਹਰੀ ਦਾ ਮੰਦਰ (ਹਰਿ ਮੰਦਰੁ) ਹੈ ਕਿਉਂਕਿ ਹਰੀ (ਪ੍ਰਭੂ) ਇਸ ਵਿਚ ਵਿਦਮਾਨ ਹੈ ਅਤੇ ਜ਼ਰੇ ਜ਼ਰੇ ਵਿਚ ਮੌਜੂਦ ਹੈ। ਪੂਰੇ ਸ਼ਬਦ ਦੀ ਬਜਾਏ ਕੁੱਝ ਢੁਕਵੀਆਂ ਤੁਕਾਂ ਹੇਠ ਦਰਜ ਹਨ ਜੋ ਇਸ ਪਦ ਦੀ ਪੂਰਨ ਵਿਆਖਿਆ ਕਰਦੀਆਂ ਹਨ:

ਗੁਰ ਪਰਸਾਦੀ ਵੇਖੁ ਤੂ ਹਰਿ ਮੰਦਰੁ ਤੇਰੈ ਨਾਲਿ।
ਹਰਿ ਮੰਦਰ ਸਬਦੇ ਖੋਜੀਐ ਹਰਿ ਨਾਮੋ ਲੇਹੁ ਸਮਾਲਿ।
ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟ ਹੋਇ।
ਹਰਿ ਮੰਦਰੁ ਏਹੁ ਜਗਤੁ ਹੈ ਗੁਰ ਬਿਨੁ ਘੋਰੰਧਾਰ।
ਹਰਿ ਮੰਦਰੁ ਮਾਹਿ ਨਾਮੁ ਨਿਧਾਨੁ ਹੈ ਨਾ ਬੂਝਹਿ ਮੁਗਧ ਗਵਾਰ।
ਹਰਿ ਮੰਦਰੁ ਮਹਿ ਹਰਿ ਵਸੈ ਸਰਬ ਨਿਰੰਤਰਿ ਸੋਇ।

(ਪ੍ਰਭਾਤੀ ਬਿਭਾਸ ਮਃ 3, ਪੰਨਾ 1346)

'ਹਰਿ ਮੰਦਰੁ' ਹਰੀ ਦਾ ਸਾਜਿਆ ਹੋਇਆ ਹੈ ਅਤੇ ਇਸ ਵਿਚ ਹਰੀ ਦਾ ਵਾਸਾ ਹੈ। ਲੋੜ ਹੈ ਕਿ ਇਸ ਸਰੀਰ ਦੀ ਸੇਵਾ ਸੰਭਾਲ ਕਰੀਏ ਕਿਉਂਕਿ ਇਸ ਵਿਚ 'ਹਰਿ ਮੰਦਰੁ' ਮੌਜੂਦ ਹੈ ਜਿਸ ਵਿਚੋਂ 'ਨਾਮ' ਦੀ ਪ੍ਰਾਪਤੀ ਹੋਣੀ ਹੈ।

ਹਰਿ ਮੰਦਰੁ ਹਰਿ ਸਾਜਿਆ ਹਰਿ ਵਸੈ ਜਿਸੁ ਨਾਲਿ।
ਗੁਰਮਤੀ ਹਰਿ ਪਾਇਆ ਮਾਇਆ ਮੋਹ ਪਰਜਾਲਿ।
ਹਰਿ ਮੰਦਰਿ ਵਸਤੁ ਅਨੇਕ ਹੈ ਨਵ ਨਿਧਿ ਨਾਮੁ ਸਮਾਲਿ।

(ਸਲੋਕ ਵਾਰਾਂ ਤੇ ਵਧੀਕ ਮਃ 3, ਪੰਨਾ 1418)

✵✵✵

# 7.

# 84 ਲੱਖ ਜੂਨੀਆਂ ਦਾ ਸੰਕਲਪ

ਗੁਰਬਾਣੀ ਵਿਚ ਚਉਰਾਸੀ ਲੱਖ ਜੂਨਾਂ ਦੀ ਗੱਲ ਕਈ ਸ਼ਬਦਾਂ ਵਿਚ ਹੋਈ ਹੈ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਨੁੱਖਾ ਜਨਮ ਸਭ ਤੋਂ ਉਤਮ ਹੈ। ਇਹ ਸੰਕਲਪ ਹਿੰਦੂ ਧਰਮ ਗ੍ਰੰਥਾਂ ਵਿਚ ਵੀ ਮਿਲਦਾ ਹੈ। ਗੁਰਬਾਣੀ ਵਿਚ ਇਸ ਨੂੰ ਹੂ-ਬ-ਹੂ ਅਪਨਾਇਆ ਗਿਆ ਹੈ। ਵਿਗਿਆਨ ਨੇ ਵੀ ਸਿੱਧ ਕਰ ਦਿੱਤਾ ਹੈ ਕਿ ਮਨੁੱਖ ਦਾ ਵਿਕਾਸ ਕਈ ਮੰਜ਼ਿਲਾਂ ਪਾਰ ਕਰਕੇ ਕਰੋੜਾਂ ਸਾਲਾਂ ਤੋਂ ਬਾਅਦ ਹੋਇਆ ਹੈ। ਡਾਰਵਿਨ ਦਾ ਵਿਕਾਸ ਸਿਧਾਂਤ ਤਾਂ ਮੰਨਦਾ ਹੈ ਕਿ ਧਰਤੀ ਉਪਰ ਜੀਵਨ ਦਾ ਅਰੰਭ ਪਰੋਟੋਪਲਾਜ਼ਮ ਤੋਂ ਸ਼ੁਰੂ ਹੋਇਆ ਜੋ ਸਮੁੰਦਰੀ ਪਾਣੀਆਂ ਰਾਹੀਂ ਜੀਵਨ ਲੀਲਾ ਦਾ ਅਧਾਰ ਬਣਿਆ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਜੀਵਨ ਵਿਕਾਸ ਲੜੀ ਦਾ ਵੇਰਵਾ ਦਰਜ ਹੈ :

ਕਈ ਜਨਮ ਭਏ ਕੀਟ ਪਤੰਗਾ।
ਕਈ ਜਨਮ ਗਜ ਮੀਨ ਕੁਰੰਗਾ।
ਕਈ ਜਨਮ ਪੰਖੀ ਸਰਪ ਹੋਇਓ।
ਕਈ ਜਨਮ ਹੈਵਰ ਬ੍ਰਿਖ ਜੋਇਓ।
-------------------------
ਮਿਲ ਜਗਦੀਸ ਮਿਲਨ ਕੀ ਬਰੀਆ।
ਚਿਰੰਕਾਲ ਇਹ ਦੇਹ ਸੰਜਰੀਆ।

(ਗਉੜੀ ਮ: 5, ਪੰਨਾ 176)

ਆਮ ਬੋਲ ਚਾਲ ਵਿਚ ਅਸੀਂ ਕਹਿੰਦੇ ਹਾਂ ਕਿ ਫਲਾਣਾ ਸੱਜਣ 84 ਦੇ ਗੇੜ ਵਿਚ ਪਿਆ ਹੋਇਆ ਹੈ, ਅਰਥਾਤ ਉਹ ਭਟਕ ਰਿਹਾ ਹੈ। ਕਈ ਸਿੱਖ ਬੁੱਧੀਜੀਵੀ ਇਸ ਨੂੰ ਇੱਕ ਮਿੱਥ ਹੀ ਦੱਸਦੇ ਹਨ ਜੋ ਗੁਰੂਆਂ ਨੇ ਮਨੁੱਖ ਨੂੰ ਚੇਤਾਵਨੀ ਦੇਣ ਲਈ ਵਰਤੀ ਹੈ। ਕਿਉਂਕਿ ਜੇਕਰ ਜੀਵਨ ਵਿਚ ਮਨੁੱਖ ਮਾੜੇ ਕੰਮ ਕਰਦਾ ਹੈ ਤਾਂ ਉਹ ਫਿਰ ਚਉਰਾਸੀ ਲੱਖ ਜੂਨਾਂ ਦੇ ਗੇੜ ਵਿਚ ਪੈ ਸਕਦਾ ਹੈ। ਇਸ ਚੇਤਾਵਨੀ ਬਾਰੇ ਕਈ ਤੁਕਾਂ ਮਿਲ ਜਾਂਦੀਆਂ ਹਨ :

ਲਖ ਚਉਰਾਸੀਹ ਫਿਰਿ ਫਿਰਿ ਆਵੈ ਬਿਰਥਾ ਜਨਮੁ ਗਵਾਇਆ।

(ਸਿਰੀ ਰਾਗ ਮ:3, ਪੰਨਾ 69)

ਲਖ ਚਉਰਾਸੀਹ ਫੇਰ ਪਇਆ ਮਰਿ ਜੰਮੈ ਹੋਇ ਖੁਆਰੁ।

(ਸਿਰੀ ਰਾਗ ਮ:3, ਪੰਨਾ 88)

ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ।

(ਸਿਰੀ ਰਾਗ ਮ:3, ਪੰਨਾ 27)

ਚਉਰਾਸੀਹ ਨਰਕੁ ਸਾਕਤੁ ਭੋਗਾਈਐ।

(ਮਾਰੂ ਸੋਲਹੇ ਮ: 1, ਪੰਨਾ 1028)

84 ਲੱਖ ਜੂਨਾਂ ਵਿਚ ਪੈਣਾ ਇਕ ਕਿਸਮ ਦੀ ਸਜਾ ਮੰਨੀ ਗਈ ਹੈ ਜੋ ਸਾਕਤ ਅਤੇ ਮਨਮੁਖ ਭੁਗਤਦੇ ਹਨ। ਪ੍ਰੰਤੂ ਇਹ ਚਉਰਾਸੀਹ ਪੈਦਾ ਵੀ ਪ੍ਰਭੂ ਨੇ ਆਪ ਕੀਤੀ ਹੈ ਤਾਕਿ ਮਨੁੱਖ ਨੂੰ ਸਰਬ-ਸਰੇਸ਼ਟ ਉਪਾਧੀ ਮਿਲ ਸਕੇ।

ਲੱਖ ਚਉਰਾਸੀਹ ਜੀਅ ਉਪਾਏ।
ਜਿਸ ਨੋ ਨਦਰਿ ਕਰੇ ਤਿਸੁ ਗੁਰੂ ਮਿਲਾਏ।

(ਮਾਝ ਮ:3, ਪੰਨਾ 111)

ਲਖ ਚਉਰਾਸੀਹ ਆਪ ਅਪਾਏ
ਮਾਨਸ ਜਨਮਿ ਗੁਰਿ ਭਗਤਿ ਦ੍ਰਿੜਾਏ

(ਮਾਰੂ ਸੋਲਹੇ ਮ:3, ਪੰਨਾ 1061)

ਲਖ ਚਉਰਾਸੀਹ ਜੰਤ ਉਪਾਏ।
ਮੇਰੇ ਠਾਕੁਰ ਭਾਣੈ ਸਿਰਜਿ ਸਮਾਇ।

(ਬਸੰਤ ਮ:1, ਪੰਨਾ 1190)

ਗੁਰੂ ਨਾਨਕ ਦੇਵ ਮਾਰੂ ਸੋਲਹੇ ਵਿਚ ਸਪਸ਼ਟ ਕਰ ਦਿੰਦੇ ਹਨ ਕਿ ਜੇਕਰ ਮਨੁੱਖੀ ਜੀਵ ਆਪਣੇ ਜੀਵਨ ਵਿਚ ਨੇਕ ਕੰਮ ਨਹੀਂ ਕਰਦਾ ਤਾਂ ਉਸ ਨੂੰ ਚਉਰਾਸੀ ਦੇ ਗੇੜ ਵਿਚ ਦੋਬਾਰਾ ਜਾਣਾ ਪਵੇਗਾ।

ਲਖ ਚਉਰਾਸੀਹ ਜੋਨਿ ਸਬਾਈ।
ਮਾਣਸ ਕਉ ਪ੍ਰਭਿ ਦੀਈ ਵਡਿਆਈ।
ਇਸ ਪਉੜੀ ਤੇ ਜੋ ਨਰੁ ਚੂਕੇ
ਸੋ ਆਇ ਜਾਇ ਦੁਖੁ ਪਾਇਦਾ।

(ਮਾਰੂ ਸੋਲਹੇ ਮ:5, ਪੰਨਾ 1075)

ਮੇਰੀ ਰਾਏ ਅਨੁਸਾਰ ਗੁਰਬਾਣੀ 84 ਲੱਖ ਜੂਨੀਆਂ ਨੂੰ ਪ੍ਰਵਾਨ ਕਰਦੀ ਹੈ। ਭਗਤ ਨਾਮਦੇਵ ਜੀ ਦੀ ਬਾਣੀ ਵਿਚ ਤਾਂ ਇਹ ਜਿਕਰ ਵੀ ਮਿਲਦਾ ਹੈ ਕਿ 42 ਲੱਖ ਜੀਵ ਪਾਣੀ ਵਿਚ ਮਿਲਦੇ ਹਨ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਏਨੇ ਹੀ ਜੀਵ ਧਰਤੀ ਉਪਰ ਹੋਣੇ ਚਾਹੀਦੇ ਹਨ :

ਬਇਆਲੀਸ ਲਖ ਜੀ ਜਲ ਮਹਿ ਹੋਤੇ।
ਬੀਠਲ ਭੈਲਾ ਕਾਇ ਕਰਉ।

(ਆਸਾ ਨਾਮਦੇਵ ਜੀ, ਪੰਨਾ 485)

✵✵✵

# 8.

# ਸਰੀਰ ਅਤੇ ਕਾਇਆ ਦਾ ਸੰਕਲਪ

ਗੁਰਬਾਣੀ ਵਿਚ ਮਨੁੱਖੀ ਦੇਹ ਲਈ ਦੋ ਪਦ ਵਰਤੇ ਗਏ ਹਨ : ਸਰੀਰ 120 ਵਾਰ, ਕਾਇਆ 174 ਵਾਰ ਅਤੇ ਦੇਹ ਸਿਰਫ਼ ਇਕ ਵਾਰ ਭਗਤ ਨਾਮਦੇਵ ਜੀ ਨੇ ਵਰਤਿਆ ਹੈ। ਜਨਮ ਤੋਂ ਹੀ ਮਨੁੱਖੀ ਸਰੀਰ ਦਾ ਪਾਲਣ ਪੋਸਣ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਜੇਕਰ ਸਰੀਰ ਰਿਸ਼ਟ ਪੁਸ਼ਟ ਨਹੀਂ ਹੋਵੇਗਾ ਤਾਂ ਦੁਨੀਆ ਦੇ ਕਾਰ ਵਿਹਾਰ ਕਰਨੇ ਮੁਸ਼ਕਿਲ ਹੋ ਜਾਣਗੇ। ਦੇਹ ਅਰੋਗਤਾ ਲਈ ਅਸੀਂ ਹਮੇਸ਼ਾਂ ਅਰਦਾਸ ਵੀ ਕਰਦੇ ਰਹਿੰਦੇ ਹਾਂ। ਗੁਰਬਾਣੀ ਵਿਚ ਸਰੀਰ ਦੀ ਸੰਭਾਲ ਬਾਰੇ ਉਪਦੇਸ਼ ਹੈ ਕਿਉਂ ਕਿ ਇਸ ਸਰੀਰ ਅੰਦਰ ਹੀ 'ਨਾਮ' ਅਤੇ 'ਪ੍ਰਭੂ' ਦਾ ਵਾਸਾ ਹੈ। ਇਸ ਸਰੀਰ ਦੀ ਰਚਨਾ ਪ੍ਰਭੂ ਨੇ ਆਪ ਕੀਤੀ ਹੈ :

ਜੀਉ ਪ੍ਰਾਣ ਜਿਨਿ ਰਚਿਓ ਸਰੀਰ।
ਜਿਨਹਿ ਉਪਾਏ ਤਿਸ ਕਉ ਪੀਰ।

(ਭੈਰਉ ਮਃ 5, ਪੰਨਾ 1137)

ਗ੍ਰਿਹ ਸਰੀਰ ਮਹਿ ਹਰਿ ਹਰਿ ਨਾਮੁ
ਗੁਰ ਪਰਸਾਦੀ ਅਪਣਾ ਹਰਿ ਪ੍ਰਭੁ ਲਹਹਿ।

(ਰਾਮਕਲੀ ਮਃ 3, ਪੰਨਾ 909)

ਵਡੈ ਭਾਗਿ ਇਹੁ ਸਰੀਰੁ ਪਾਇਆ। ਮਾਣਸ ਜਨਮਿ ਸਬਦਿ ਚਿਤੁ ਲਾਇਆ।

ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ।

(ਮਾਰੂ ਸੋਲਹੇ ਮਃ 3, ਪੰਨਾ 1065)

ਗੁਰਬਾਣੀ ਵਿਚ ਸਰੀਰ ਨੂੰ ਕਰਮ ਭੂਮੀ ਕਿਹਾ ਗਿਆ ਹੈ। ਸਰੀਰ ਦਵਾਰਾ ਹੀ ਮਨੁੱਖ ਨੇ ਚੰਗੇ ਮੰਦੇ ਕਰਮ ਕਰਨੇ ਹੁੰਦੇ ਹਨ। ਚੰਗੇ ਕੰਮਾਂ ਨਾਲ ਚਉਰਾਸੀ ਦੇ ਗੇੜ ਤੋਂ ਛੁਟਕਾਰਾ ਮਿਲ ਜਾਂਦਾ ਹੈ। ਹਉਮੈ ਅਤੇ ਮਾਇਆ ਦੇ ਪ੍ਰਭਾਵ ਹੇਠ ਸਰੀਰ ਮਾੜੇ ਕੰਮ ਵੀ ਕਰਦਾ ਹੈ ਅਤੇ ਮਨੁੱਖ ਭਟਕਦਾ ਰਹਿੰਦਾ ਹੈ। ਸਰੀਰ ਨੂੰ ਚੰਗੇ ਕੰਮਾਂ ਵਿਚ ਲਗਾਣਾ ਲਾਹੇਵੰਦ ਹੋ ਸਕਦਾ ਹੈ।

ਇਹੁ ਸਰੀਰੁ ਕਰਮ ਕੀ ਧਰਤੀ ਗੁਰਮੁਖਿ ਮਥਿ ਮਥਿ ਤਤੁ ਕਢਈਆ।

(ਬਿਲਾਵਲ ਮਃ 4, ਪੰਨਾ 834)

ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ।

(ਸਿਰੀ ਰਾਗ ਮਃ 5, ਪੰਨਾ 78)

ਗੁਰੂ ਅਮਰਦਾਸ ਜੀ ਅਨੰਦ ਸਾਹਿਬ ਵਿਚ ਜ਼ਿਕਰ ਕਰਦੇ ਹਨ ਕਿ ਹਰੀ ਪ੍ਰਭੂ ਨੇ ਸਰੀਰ ਵਿਚ 'ਜੋਤ' (ਰੂਹ) ਪਾਈ ਹੈ ਜਿਸ ਕਰਕੇ ਮਨੁੱਖੀ ਜਾਮਾ ਪ੍ਰਾਪਤ ਹੋਇਆ ਹੈ। ਅਗੇ ਜਾ ਕੇ ਨਿਹੋਰਾ ਵੀ ਮਾਰਿਆ ਹੈ ਕਿ ਜਗਤ ਵਿਚ ਆ ਕੇ ਸਰੀਰ ਨੇ ਕਿਹੋ ਜਹੇ ਕਰਮ ਕੀਤੇ ਹਨ ? ਇਕ ਤਰ੍ਹਾਂ ਦਾ ਉਲਾਂਭਾ ਦਿੱਤਾ ਗਿਆ ਹੈ।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ।

ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ।

(ਰਾਮਕਲੀ ਅਨੰਦ ਮਃ 3, ਪੰਨਾ 921)

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ।-------------------------------
-----------------------------

ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ।

(ਰਾਮਕਲੀ ਅਨੰਦ ਮ: 3, ਪੰਨਾ 922)

ਮਨੁੱਖੀ ਸਰੀਰ ਮਾਇਆ ਦਾ ਪੁਤਲਾ ਹੈ ਅਤੇ ਮਾਇਆ ਜਾਲ ਵਿਚ ਫਸਿਆ ਰਹਿੰਦਾ ਹੈ। ਮਾਇਆ ਅਤੇ ਹਉਮੈ ਸਕੀਆਂ ਭੈਣਾਂ ਹਨ ਜਿਸ ਕਰਕੇ ਦੁਸ਼ਟ ਹਉਮੈ ਵੀ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕਰ ਦਿੰਦੀ ਹੈ ਜਿਸ ਕਰਕੇ ਜੰਮਣ-ਮਰਣ ਦਾ ਚੱਕਰ ਚੱਲਦਾ ਰਹਿੰਦਾ ਹੈ। ਹਉਮੈ ਸਭ ਸਰੀਰਾਂ ਵਿਚ ਹੁੰਦੀ ਹੈ ਅਤੇ ਇਸ ਦੀ ਮੌਜੂਦਗੀ ਵਿਚ ਮਨੁੱਖੀ ਸਰੀਰ ਹਮੇਸ਼ਾਂ ਅੱਗ ਬਬੂਲਾ ਅਰਥਾਤ ਅਸ਼ਾਂਤ ਰਹਿੰਦਾ ਹੈ। ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਬੰਦ ਖਲਾਸੀ ਹੋ ਜਾਂਦੀ ਹੈ।

ਇਹੁ ਸਰੀਰੁ ਮਾਇਆ ਕਾ ਪੁਤਲਾ ਵਿਚਿ ਹਉਮੈ ਦੁਸਟੀ ਪਾਈ।
ਆਵਣ ਜਾਣਾ ਜੰਮਣੁ ਮਰਣਾ ਮਨਮੁਖਿ ਪਤਿ ਗਵਾਈ।

(ਸਿਰੀ ਰਾਗ ਮ: 3, ਪੰਨਾ 31)

ਹਉਮੈ ਸਭ ਸਰੀਰੁ ਹੈ ਹਉਮੈ ਓਪਤਿ ਹੋਇ।
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ।

(ਵਡਹੰਸ ਮ: 3, ਪੰਨਾ 560)

ਹਉਮੈ ਵਿਚਿ ਸਦ ਜਲੈ ਸਰੀਰਾ। ਕਰਮੁ ਹੋਵੈ ਭੇਟੇ ਗੁਰੁ ਪੂਰਾ।

(ਮਾਰੂ ਸੋਲਹੇ ਮ: 3, ਪੰਨਾ 1068)

ਇਹ ਸਰੀਰ ਰੱਬ ਦਾ ਘਰ (ਹਰਿ ਮੰਦਰੁ) ਹੈ। ਇਸ ਵਿਚੋਂ ਨਾਮ ਦੀ ਪ੍ਰਾਪਤੀ ਹੋਣੀ ਹੈ ਅਤੇ ਪ੍ਰਭੂ ਦਾ ਮਿਲਾਪ। ਜੇਕਰ ਇਹ ਮਿਲਾਪ ਨਹੀਂ ਹੁੰਦਾ ਤਾਂ ਸਰੀਰ ਸਿਰਾਪਿਆ ਜਾਂਦਾ ਏ ਅਤੇ ਮਨੁੱਖਾ ਜਨਮ ਧ੍ਰਿਗ ਹੋ ਜਾਂਦਾ ਹੈ। ਇਸ ਸਰੀਰ ਨੂੰ ਨਾਸ਼ਵੰਤ ਕਿਹਾ ਗਿਆ ਹੈ ਅਤੇ ਇਸ ਨੂੰ ਜਰ ਲਗ ਜਾਂਦੀ ਹੈ।

ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ।

(ਪ੍ਰਭਾਤੀ ਮ: 3, ਪੰਨਾ 1346)

ਧ੍ਰਿਗ ਸਰੀਰ ਅਸਤ ਬਿਸਟਾ ਕ੍ਰਿਮ ਬਿਨੁ ਜਾਨਤ ਹੋਰ।

(ਸਾਰੰਗ ਮ: 5, ਪੰਨਾ 1228)

ਇਹ ਸਰੀਰੁ ਜਜਰੀ ਹੈ ਇਸ ਨੋ ਜਰੁ ਪਹੁੰਚੈ ਆਏ।

(ਵਡਹੰਸ ਮ: 3, ਪੰਨਾ 584)

ਭਗਤ ਕਬੀਰ ਜੀ ਇਸ ਸਰੀਰ ਦੀ ਨਾਸ਼ਮਾਨਤਾ ਦੀ ਸੁੰਦਰ ਉਦਾਹਰਣ ਪੇਸ਼ ਕਰਦੇ ਹਨ। ਉਹ ਕਹਿੰਦੇ ਹਨ ਜਿਵੇਂ ਸਵੇਰ ਹੋਣ ਸਾਰ ਸਾਰੇ ਤਾਰੇ ਅਲੋਪ ਹੋ ਜਾਂਦੇ ਹਨ, ਇਸੇ ਤਰ੍ਹਾਂ ਹੀ ਸਾਡਾ ਸਰੀਰ ਨਾਸ਼ਮਾਨ ਹੋ ਜਾਵੇਗਾ :

ਕਬੀਰ ਪਰਭਾਤੇ ਤਾਰੇ ਖਿਸਹਿ ਤਿਉ ਇਹੁ ਖਿਸੈ ਸਰੀਰੁ।

(ਸਲੋਕ ਭਗਤ ਕਬੀਰ, ਪੰਨਾ 1373)

ਬਾਬਾ ਫਰੀਦ ਤਾਂ ਰੱਬ ਨੂੰ ਨਿਹੋਰਾ ਮਾਰਦੇ ਹਨ ਕਿ ਜੇਕਰ ਮੈਨੂੰ ਪਰਾਏ ਦਰ ਤੇ ਭਟਕਣ ਲਈ ਮਜ਼ਬੂਰ ਹੋਣਾ ਪਵੇ ਤਾਂ ਇਸ ਤੋਂ ਚੰਗਾ ਹੋਵੇਗਾ ਕਿ ਤੂੰ ਮੇਰੇ ਸਰੀਰ ਵਿਚੋਂ ਜਾਨ ਕੱਢ ਲਵੀਂ :

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ।
ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ।

(ਸਲੋਕ ਸੇਖ ਫਰੀਦ, ਪੰਨਾ 1380)

## ਕਾਇਆ ਅਤੇ ਸਰੀਰ ਦਾ ਸੰਬੰਧ

ਗੁਰਬਾਣੀ ਵਿਚ ਕਾਇਆ ਅਤੇ ਸਰੀਰ ਦੋਵੇਂ ਪਦ ਮਨੁੱਖੀ ਦੇਹ ਲਈ ਵਰਤੇ ਗਏ ਹਨ। ਮਹਾਨ ਕੋਸ਼ ਅਤੇ ਗੁਰੂ ਗ੍ਰੰਥ ਦਰਪਨ ਵਿਚ ਵੀ ਇਹ ਸਮਾਨ-ਅਰਥੀ ਭਾਵਾਂ ਲਈ ਵਰਤੇ ਗਏ ਹਨ। ਫਿਰ ਸਵਾਲ ਪੈਦਾ ਹੁੰਦਾ ਹੈ ਕਿ ਦੇਹ ਲਈ ਦੋ ਵੱਖਰੇ ਪਦ ਕਿਉਂ ਚੁਣੇ ਗਏ? ਇਹ ਇਕ ਵੱਖਰੀ ਖੋਜ ਦਾ ਵਿਸ਼ਾ ਹੈ। ਮੇਰੀ ਨਿੱਜੀ ਰਾਏ ਹੈ ਕਿ 'ਸਰੀਰ' ਪੰਜ ਭੂਤਕ ਸਰੀਰ ਜਾਂ ਦੇਹ ਲਈ ਵਰਤਿਆ ਗਿਆ ਹੈ ਅਤੇ 'ਕਾਇਆ' ਅੰਦਰ ਸਰੀਰ ਅਤੇ ਇਸ ਦਾ ਔਰਾ (Aura) ਅਰਥਾਤ ਸਥੂਲ ਅਤੇ ਸੂਖਮ ਦੋਵੇਂ ਸਰੀਰ ਹੀ ਸ਼ਾਮਲ ਹੁੰਦੇ ਹਨ। ਹੇਠ ਲਿਖੀਆਂ ਤੁਕਾਂ ਵਿਚ ਕਾਇਆ ਦੀ ਵਿਆਖਿਆ ਅਤੇ ਪ੍ਰੀਭਾਸ਼ਾ ਦਿੱਤੀ ਗਈ ਹੈ।

ਇਸੁ ਕਾਇਆ ਅੰਦਰਿ ਵਸਤੁ ਅਸੰਖਾ।
ਗੁਰਮੁਖਿ ਸਾਚਿ ਮਿਲੈ ਤਾ ਵੇਖਾ।

(ਮਾਝ ਮः 3, ਪੰਨਾ 110)

ਇਸ ਕਾਇਆ ਅੰਦਰਿ ਬਹੁਤੁ ਪਸਾਰਾ।
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ।

(ਮਾਝ ਮः 3, ਪੰਨਾ 112)

ਤਿਨਿ ਕਰਤੈ ਇਕੁ ਖੇਲੁ ਰਚਾਇਆ।
ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ।

(ਮਾਝ ਮः 3, ਪੰਨਾ 117)

ਕਾਇਆ ਅੰਦਰਿ ਪਾਪੁ ਪੁੰਨੁ ਦੁਇ ਭਾਈ।
ਦੁਹੀ ਮਿਲਿ ਕੈ ਸ੍ਰਿਸਟਿ ਉਪਾਈ।

(ਮਾਝ ਮः 3, ਪੰਨਾ 126)

ਜਿਸ ਤਰ੍ਹਾਂ ਸਰੀਰ ਉਪਰ ਹਉਮੈ ਅਤੇ ਮਾਇਆ ਦਾ ਅਸਰ ਹੁੰਦਾ ਹੈ, ਉਸੇ ਤਰ੍ਹਾਂ ਕਾਮ ਅਤੇ ਕ੍ਰੋਧ ਕਾਇਆ ਉਪਰ ਭਾਰੂ ਹੁੰਦੇ ਹਨ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ।
ਜਿਉ ਕੰਚਨ ਸੋਹਾਗਾ ਢਾਲੈ।

(ਰਾਮਕਲੀ ਓਅੰਕਾਰ ਮः 1, ਪੰਨਾ 932)

ਵਲਵੰਡ ਤੇ ਸੱਤਾ ਦੀ ਵਾਰ ਵਿਚ ਕਾਇਆ ਪਦ ਸਰੀਰ ਲਈ ਵਰਤਿਆ ਗਿਆ ਹੈ। ਗੁਰੂ ਜੋਤਿ ਬਾਬਾ ਨਾਨਕ ਤੋਂ ਦਸ ਗੁਰੂ ਸਾਹਿਬਾਨ ਵਿਚ ਪ੍ਰਵਿਰਤ ਹੁੰਦੀ ਰਹਿੰਦੀ ਹੈ ਜਦ ਕਿ 'ਕਾਇਆ' ਅਰਥਾਤ ਸਰੀਰ ਦਸ ਜੋਤਾਂ ਵਿਚ ਬਦਲਦਾ ਰਹਿੰਦਾ ਹੈ :

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ।

(ਰਾਮਕਲੀ ਵਾਰ ਬਲਵੰਡਿ ਤੇ ਸੱਤਾ, ਪੰਨਾ 966)

ਗੁਰ ਅੰਗਦ ਦੀ ਦੋਹੀ ਫਿਰੀ ਸਚੁ ਕਰਤੈ ਬੰਧਿ ਬਹਾਲੀ।
ਨਾਨਕ ਕਾਇਆ ਪਲਟੁ ਕਰਿ ਮਲਿ ਤਖਤੁ ਬੈਠਾ ਸੈ ਡਾਲੀ।

(ਰਾਮਕਲੀ ਵਾਰ ਬਲਵੰਡਿ ਤੇ ਸੱਤਾ, ਪੰਨਾ 967)

ਸੂਹੀ ਰਾਗ ਵਿਚ ਗੁਰੂ ਅਮਰਦਾਸ ਜੀ ਦਾ ਉਚਾਰਿਆ ਸ਼ਬਦ 'ਕਾਇਆ' ਦੀ ਪੂਰਨ ਰੂਪ ਵਿਚ ਵਿਆਖਿਆ ਕਰਦਾ ਹੈ। ਇਸ ਸ਼ਬਦ ਦੀਆਂ ਕੁਝ ਚੋਣਵੀਆਂ ਤੁਕਾਂ ਪੇਸ਼ ਹਨ :

ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ।
ਕਾਇਆ ਅੰਦਰਿ ਜਗਜੀਵਨ ਦਾਤਾ ਵਸੈ ਸਭਨਾ ਕਰੇ ਪ੍ਰਤਿਪਾਲਾ।
----------------------------------------------
ਕਾਇਆ ਅੰਦਰਿ ਆਪੇ ਵਸੈ ਅਲਖੁ ਨ ਲਖਿਆ ਜਾਈ।
---------------------------------------------
ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ ਜਿਤੁ ਸੰਸਾਰਾ।
-----------------------------------------------
ਸਾ ਕਾਇਆ ਜੋ ਸਤਿਗੁਰੁ ਸੇਵੈ ਸਚੈ ਆਪਿ ਸਵਾਰੀ।
ਵਿਣੁ ਨਾਵੈ ਦਰਿ ਢੋਈ ਨਾਹੀ ਤਾ ਜਮੁ ਕਰੇ ਖੁਆਰੀ।
ਨਾਨਕ ਸਚੁ ਵਡਿਆਈ ਪਾਏ ਜਿਸ ਨੋ ਹਰਿ ਕਿਰਪਾ ਧਾਰੀ।

(ਸੂਹੀ ਮਃ 3, ਪੰਨਾ 754)

✵✵✵

# 9.

# ਸਿਮਰਨ ਦੀ ਮਹਿਮਾ

ਨਾਮ ਅਤੇ ਸਿਮਰਨ ਗੁਰੂ ਗ੍ਰੰਥ ਸਾਹਿਬ ਦੇ ਮੂਲ ਮੁੱਦੇ ਹਨ ਅਤੇ ਗੁਰਮੱਤ ਦੇ ਗਾਡੀ ਰਾਹ ਦੇ ਦੋ ਪਹੀਏ। ਨਾਮ ਬਾਰੇ ਪਹਿਲਾਂ ਚਰਚਾ ਹੋ ਚੁੱਕੀ ਹੈ, ਇਥੇ ਸਿਮਰਨ ਦੇ ਸੰਕਲਪ ਬਾਰੇ ਵਿਚਾਰ ਕੀਤੀ ਜਾਵੇਗੀ। ਸਿਮਰਨ ਤੋਂ ਭਾਵ ਯਾਦ ਕਰਨਾ ਹੈ ਅਰਥਾਤ ਮਨ ਦੀ ਬਿਰਤੀ ਇਕਾਗਰ ਕਰਕੇ ਧਿਆਉਣਾ ਹੈ। ਸਿੱਖ ਦੇ ਜੀਵਨ ਵਿਚ ਸਿਮਰਨ ਦੀ ਬਹੁਤ ਮਹੱਤਤਾ ਹੈ। ਸਿਮਰਨ ਦੇ ਲਾਭ ਅਤੇ ਫਾਇਦੇ ਗੁਰਬਾਣੀ ਵਿਚ ਦਰਜ ਹਨ :

ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ।

(ਗਉੜੀ ਮ: 5, ਪੰਨਾ 189)

ਬਿਨੁ ਹਰਿ ਸਿਮਰਨ ਸੁਖੁ ਨਹੀਂ ਪਾਇਆ।

(ਗਉੜੀ ਮ: 5, ਪੰਨਾ 194)

ਗੁਰੂ ਅਰਜਨ ਸਾਹਿਬ ਦਾ ਪੂਰਾ ਸ਼ਬਦ ਗਉੜੀ ਰਾਗ ਵਿਚ ਦਰਜ ਹੈ ਜੋ ਸਿਮਰਨ ਵਿਹੂਣੇ ਮਨੁੱਖ ਲਈ ਤਾੜਨਾ ਕਰਦਾ ਹੈ ਅਤੇ ਸਿਮਰਨ ਦੀ ਮਹੱਤਤਾ ਦਰਸਾਉਂਦਾ ਹੈ :

ਬਿਨੁ ਸਿਮਰਨ ਜੈਸੇ ਸਰਪ ਆਰਜਾਰੀ।
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ।
ਏਕ ਨਿਮਖ ਜੋ ਸਿਮਰਨ ਮਹਿ ਜੀਆ।
ਕੋਟਿ ਦਿਨਸ ਲਾਖ ਸਦਾ ਥਿਰੁ ਥੀਆ।
ਬਿਨੁ ਸਿਮਰਨ ਧ੍ਰਿਗੁ ਕਰਮ ਕਰਾਸ।
ਕਾਗ ਬਤਨ ਬਿਸਟਾ ਮਹਿ ਵਾਸ।
----------------------------
ਬਿਨੁ ਸਿਮਰਨ ਗਰਧਭ ਕੀ ਨਿਆਈ।
ਸਾਕਤ ਥਾਨ ਭਰਿਸਟ ਫਿਰਾਹੀ।
ਬਿਨੁ ਸਿਮਰਨ ਕੂਕਰ ਹਰਕਾਇਆ।
ਸਾਕਤ ਲੋਭੀ ਬੰਧੁ ਨ ਪਾਇਆ।
ਬਿਨੁ ਸਿਮਰਨ ਹੈ ਆਤਮਘਾਤੀ।
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ।
ਜਿਸੁ ਭਇਆ ਕ੍ਰਿਪਾਲੁ ਤਿਸੁ ਸਤਸੰਗਿ ਮਿਲਾਇਆ।
ਕਹੁ ਨਾਨਕ ਗੁਰਿ ਜਗਤੁ ਤਰਾਇਆ।

(ਗਉੜੀ ਮ: 5, ਪੰਨਾ 239)

ਗੁਰੂ ਅਰਜਨ ਦੇਵ ਸੁਖਮਨੀ ਦੀ ਪਹਿਲੀ ਅਸਟਪਦੀ ਵਿਚ ਸਿਮਰਨ ਦੀਆਂ ਬਰਕਤਾਂ ਦਾ ਲੇਖਾ-ਜੋਖਾ ਕਰਦੇ ਹਨ। ਜਿਵੇਂ ਉਪਰਲੇ ਸ਼ਬਦ ਵਿਚ ਸਿਮਰਨ ਵਿਹੂਣੇ ਮਨੁੱਖ ਨੂੰ ਘਟੀਆ ਦਰਸਾਇਆ ਗਿਆ ਹੈ, ਉਸ ਦੇ ਬਿਲਕੁਲ ਉਲਟ ਹੇਠਲੇ ਸ਼ਬਦ ਵਿਚ ਪ੍ਰਭੂ ਦੇ ਸਿਮਰਨ ਦਵਾਰਾ ਪ੍ਰਾਪਤ ਹੋਣ ਵਾਲੇ ਲਾਭ ਦਾ ਵਰਣਨ ਮਿਲਦਾ ਹੈ :

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ।
ਕਲਿ ਕਲੇਸ ਤਨ ਮਾਹਿ ਮਿਟਾਵਉ।
------------------------------
ਪ੍ਰਭ ਕੈ ਸਿਮਰਨਿ ਕਾਲ ਪਰਹਰੈ।
ਪ੍ਰਭ ਕੈ ਸਿਮਰਨਿ ਦੁਸਮਨ ਟਰੈ।
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ।
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ।
ਪ੍ਰਭ ਕੈ ਸਿਮਰਨਿ ਭਉ ਨ ਵਿਆਪੈ।
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ।
ਪ੍ਰਭ ਕਾ ਸਿਮਰਨਿ ਸਾਧ ਕੈ ਸੰਗਿ।
ਸਰਬ ਨਿਧਾਨ ਨਾਨਕ ਹਰਿ ਰੰਗ।

(ਗਉੜੀ ਸੁਖਮਨੀ ਮਃ 5, ਪੰਨਾ 262)

ਇਸ ਅਸਟਪਦੀ ਵਿਚ ਸਿਮਰਨ ਦਾ ਸੰਕਲਪ ਅਤੇ ਇਸ ਦੀ ਪੂਰਣ ਵਿਆਖਿਆ ਮਿਲ ਜਾਂਦੀ ਹੈ। ਅਖੀਰ ਵਿਚ ਉਪਦੇਸ਼ ਕੀਤਾ ਗਿਆ ਹੈ ਕਿ ਸਿਮਰਨ ਵਿਚ ਪ੍ਰਭੂ ਆਪ ਹੈ ਪਰੰਤੂ ਇਹ ਭੇਦ ਕਿਸੇ ਵਿਰਲੇ ਨੂੰ ਹੀ ਸਮਝਾਇਆ ਜਾਂਦਾ ਹੈ :

ਹਰਿ ਸਿਮਰਨ ਕੀਓ ਸਗਲ ਅਕਾਰਾ।
ਹਰਿ ਸਿਮਰਨ ਮਹਿ ਆਪਿ ਨਿਰੰਕਾਰਾ।
ਕਰਿ ਕਿਰਪਾ ਜਿਸੁ ਆਪਿ ਬੁਝਾਇਆ।
ਨਾਨਕ ਗੁਰਮੁਖਿ ਹਰਿ ਸਿਮਰਨੁ ਤਿਨਿ ਪਾਇਆ।

(ਗਉੜੀ ਸੁਖਮਨੀ ਮਃ 5, ਪੰਨਾ 263)

ਹਰੀ ਦਾ ਸਿਮਰਨ ਕਰਨ ਦੀ ਵਿਧੀ ਅਤੇ ਸਮੇਂ ਬਾਰੇ ਵੀ ਗੁਰਬਾਣੀ ਵਿਚ ਉਲੇਖ ਮਿਲਦਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਸਿਮਰਨ ਦੇ ਸਮੇਂ ਮਨੁੱਖੀ ਜੀਵ ਆਲਸੀ ਹੋਣ ਕਰਕੇ ਵੇਲਾ ਵਿਹਾ ਲੈਂਦਾ ਹੈ ਅਤੇ ਮਾਇਆ ਦੇ ਜਾਲ ਵਿਚ ਫਸਿਆ ਰਹਿੰਦਾ ਹੈ :

ਸਾਰੋ ਦਿਨਸੁ ਮਜੂਰੀ ਕਰੈ।
ਹਰ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ।
ਮਾਇਆ ਲਗਿ ਭੂਲੋ ਸੰਸਾਰ।
ਆਪ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ।

(ਭੈਰਉ ਮਃ 5, ਪੰਨਾ 1143)

ਗੁਰੂ ਨਾਨਕ ਦੇਵ ਉਪਦੇਸ਼ ਕਰਦੇ ਹਨ ਕਿ ਪ੍ਰਭੂ ਸਿਮਰਨ ਲਈ ਕੋਈ ਖਾਸ ਸਮਾਂ ਨੀਯਤ ਨਹੀਂ ਬਲਕਿ ਹਰ ਸਮਾਂ ਸਿਮਰਨ ਲਈ ਢੁਕਵਾਂ ਹੈ, ਪਰੰਤੂ ਕੋਈ ਵਿਰਲਾ ਹੀ ਸਿਮਰਨ ਵਿਚ ਰੁਚੀ ਰੱਖਦਾ ਹੈ :

ਹਰਿ ਸਿਮਰਨ ਕੀ ਸਗਲੀ ਬੇਲਾ।
ਹਰਿ ਸਿਮਰਨੁ ਬਹੁ ਮਾਹਿ ਇਕੇਲਾ।

(ਭੈਰਉ ਮਃ 5, ਪੰਨਾ 1150)

ਸਿਮਰਨ ਲਈ ਹਰ ਦਿਨ ਜੁੜੇ ਰਹਿਣ ਦੀ ਤਾਕੀਦ ਹੈ :

ਹਰਿ ਦਿਨੁ ਹਰਿ ਸਿਮਰਨੁ ਮੇਰੇ ਭਾਈ।

(ਗਉੜੀ ਮਃ 5, ਪੰਨਾ 195)

ਸਿਮਰਨ ਲਈ ਸਾਧ ਸੰਗਤ ਵਿਚ ਸ਼ਮੂਲੀਅਤ ਸਹਾਈ ਹੁੰਦੀ ਹੈ :

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ।

(ਗਉੜੀ ਸੁਖਮਨੀ ਮਃ 5, ਪੰਨਾ 262)

ਗੁਰੂ ਅਰਜਨ ਦੇਵ ਦੱਸਦੇ ਹਨ ਕਿ ਸਿਮਰਨ ਮਾਤਾ ਦੇ ਗਰਭ ਵਿਚ ਵੀ ਚੱਲਦਾ ਰਹਿੰਦਾ ਹੈ ਅਤੇ ਜੀਵ ਦੀ ਸੁਰੱਖਿਆ ਕਰਦਾ ਹੈ :

ਮਾਤ ਗਰਭ ਮਹਿ ਆਪਨ ਸਿਮਰਨੁ ਦੇ ਤਹ ਤੁਮ ਰਾਖਨਹਾਰੇ।

(ਸੋਰਠ ਮਃ 5, ਪੰਨਾ 613)

ਭਗਤ ਕਬੀਰ ਜੀ ਨਸੀਹਤ ਦਿੰਦੇ ਹਨ ਕਿ ਪ੍ਰਾਣੀ ਹਰੀ ਦਾ ਸਿਮਰਨ ਛੱਡ ਕੇ ਦੁਨਿਆਵੀ ਧੰਧਿਆਂ ਵਿਚ ਖੱਚਿਤ ਰਹਿੰਦਾ ਹੈ :

ਕਬੀਰ ਹਰਿ ਕਾ ਸਿਮਰਨੁ ਛਾਡਿ ਕੈ ਪਾਲਿਓ ਬਹੁਤੁ ਕੁਟੰਬੁ।
-----------------------------------------------
ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ।

(ਸਲੋਕ ਭਗਤ ਕਬੀਰ, ਪੰਨਾ 1370)

ਅਖੀਰ ਵਿਚ ਭਗਤ ਕਬੀਰ ਉਪਦੇਸ਼ ਦਿੰਦੇ ਹਨ ਕਿ ਸਿਮਰਨ ਕਰਨ ਵਾਲਾ ਹੀ ਸੰਸਾਰ ਵਿਚ ਸੁੱਖ ਭੋਗਦਾ ਹੈ :

ਕਬੀਰ ਹਰਿ ਕਾ ਸਿਮਰਨ ਜੋ ਕਰੈ ਸੋ ਸੁਖੀਆ ਸੰਸਾਰਿ।

(ਸਲੋਕ ਭਗਤ ਕਬੀਰ, ਪੰਨਾ 1375)

✵✵✵

# 10.

# ਗੁਰਬਾਣੀ ਵਿਚ ਦਸਮ ਦੁਆਰ ਦਾ ਸੰਕਲਪ

ਗੁਰਬਾਣੀ ਵਿਚ ਦਸਮ ਦੁਆਰ ਜਾਂ ਦਸਵੈ ਦੁਆਰ ਦਾ ਜ਼ਿਕਰ 16 ਵਾਰ ਹੋਇਆ ਹੈ। ਭਾਰਤੀ ਪਰੰਪਰਾ ਅਨੁਸਾਰ ਮਨੁੱਖ ਦੇ ਸਰੀਰ ਦੇ ਨੌ ਦਰਵਾਜੇ ਹਨ ਜੋ ਉਸ ਦੀ ਸਹਾਇਤਾ ਲਈ ਕੰਮ ਕਰਦੇ ਹਨ ਜਿਵੇਂ ਅੱਖਾਂ, ਕੰਨ, ਨੱਕ, ਮੂੰਹ, ਗੁਦਾ ਆਦਿਕ। ਦਸਵਾਂ ਦੁਆਰ ਕਿਸੇ ਨੂੰ ਨਜ਼ਰ ਨਹੀਂ ਆਉਂਦਾ। ਇਹ ਉਹ ਟਿਕਾਣਾ ਹੈ ਜਿੱਥੇ ਮਨ ਜਾਂ ਸੁਰਤ ਨੂੰ ਟਿਕਾ ਕੇ ਅਨਹਦ ਨਾਦ ਸੁਣਿਆ ਜਾ ਸਕਦਾ ਹੈ। ਯੋਗ ਅਭਿਆਸ ਦੁਆਰਾ ਯੋਗੀ ਦਸਮ ਦੁਆਰ ਦਾ ਥਹੁ-ਟਿਕਾਣਾ ਪਾ ਲੈਂਦੇ ਹਨ। ਅਧਿਆਤਮਕ ਅਵਸਥਾ ਲਈ ਇਹ ਦੁਆਰ ਇਕ ਮੰਜ਼ਿਲ ਹੈ। ਗੁਰੂ ਅਮਰਦਾਸ ਦਸਮ ਦੁਆਰ ਬਾਰੇ ਆਪਣੀ ਬਾਣੀ ਵਿਚ ਜ਼ਿਕਰ ਕਰਦੇ ਹਨ :

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ।

(ਮਾਝ ਮ: 3, ਪੰਨਾ 110)

ਨਉ ਦਰ ਠਾਕੇ ਧਾਵਤੁ ਰਹਾਏ।
ਦਸਵੈ ਨਿਜ ਘਰਿ ਵਾਸਾ ਪਾਏ।

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ।

(ਮਾਝ ਮ: 3, ਪੰਨਾ 124)

ਗੁਰਬਾਣੀ ਵਿਚ ਫ਼ੁਰਮਾਨ ਹੈ ਕਿ ਪ੍ਰਭੂ ਪ੍ਰਮਾਤਮਾ ਦਸਵੈ ਦੁਆਰ ਹੀ ਵਸਦਾ ਹੈ, ਅਰਥਾਤ ਇਸ ਦੁਆਰ ਰਾਹੀਂ ਉਸ ਨਾਲ ਸੰਪਰਕ ਕਾਇਮ ਹੋ ਸਕਦਾ ਹੈ :

ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ।

(ਮਾਰੂ ਸੋਲਹੇ ਮ: 1, ਪੰਨਾ 1033)

ਨਉ ਘਰ ਥਾਪੇ ਥਾਪਣਹਾਰੈ।
ਦਸਵੈ ਵਾਸਾ ਅਲਖ ਅਪਾਰੈ।

(ਮਾਰੂ ਸੋਲਹੇ ਮ: 1, ਪੰਨਾ 1036)

ਦਸਵੈ ਪੁਰਖੁ ਅਤੀਤੁ ਨਿਰਾਲਾ ਆਪੇ ਅਲਖੁ ਲਖਾਇਆ।

(ਮਾਰੂ ਸੋਲਹੇ ਮ: 1, ਪੰਨਾ 1039)

ਭਗਤ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਪ੍ਰਭੂ ਦੇ ਦਰਸ਼ਨ ਲਈ ਦਸਮ ਦੁਆਰ ਦੀ ਕੁੰਜੀ ਮਿਲਣੀ ਜ਼ਰੂਰੀ ਹੈ :

ਦਸਵੈ ਦੁਆਰਿ ਕੁੰਚੀ ਜਬ ਦੀਜੈ।
ਤਉ ਦਇਆਲ ਕੋ ਦਰਸਨੁ ਕੀਜੈ।

(ਗਉੜੀ ਭਗਤ ਕਬੀਰ, ਪੰਨਾ 341)

ਦਸਮ ਦੁਆਰ ਦੀ ਪਦਵੀ ਵਾਲੇ ਭਗਤ ਜਨ ਨੂੰ ਤ੍ਰਿਭਵਣ ਦੀ ਸੋਝੀ ਹੋ ਜਾਂਦੀ ਹੈ :

ਦਸਵੈ ਦੁਆਰਿ ਰਹਤ ਕਰੇ ਤ੍ਰਿਭਵਣ ਸੋਝੀ ਪਾਇ।

(ਗੂਜਰੀ ਮਃ 3, ਪੰਨਾ 490)

ਦੁਨੀਆਂਦਾਰ ਮਨੁੱਖ ਲਈ ਨੌਂ ਦਰਵਾਜੇ ਲੁੱਟ ਖਸੁੱਟ ਦਾ ਸਾਧਨ ਬਣ ਜਾਂਦੇ ਹਨ ਅਤੇ ਦਸਵੇ ਦੁਆਰ ਪਹੁੰਚ ਕੇ ਹੀ ਬੰਦ ਖਲਾਸੀ ਹੁੰਦੀ ਹੈ ਜਿਥੇ ਤੱਤ ਗਿਆਨ ਦੀ ਪ੍ਰਾਪਤੀ ਸੰਭਵ ਹੈ :

ਕਹਤੁ ਕਬੀਰ ਨਵੈ ਘਰ ਮੂਸੇ ਦਸਵੈ ਤਤੁ ਸਮਾਈ।

(ਗਉੜੀ ਭਗਤ ਕਬੀਰ, ਪੰਨਾ 339)

ਗੁਰੂ ਅਮਰਦਾਸ ਜੀ ਉਪਦੇਸ਼ ਕਰਦੇ ਹਨ ਕਿ ਜੇ ਸਾਧਕ ਦਾ ਮਨ ਅਜੇ ਨਿਰਮਲ ਨਹੀਂ ਹੋਇਆ ਤਾਂ ਉਸ ਨੂੰ ਦਸਮ ਦੁਆਰ ਦੇ ਝਮੇਲੇ ਵਿਚ ਨਹੀਂ ਪੈਣਾ ਚਾਹੀਦਾ। ਇਸ ਤੋਂ ਸਪਸ਼ਟ ਹੈ ਕਿ ਗੁਰਮੱਤ ਵਿਚ ਦਸਮ ਦੁਆਰ ਦੀ ਉਹ ਅਹਿਮੀਅਤ ਨਹੀਂ ਜੋ ਹਿੰਦੂ ਧਰਮ ਜਾਂ ਯੋਗੀਆਂ ਦੇ ਮੱਠਾਂ ਵਿਚ ਸਮਝੀ ਜਾਂਦੀ ਹੈ।

ਭਾਈ ਕਾਹਨ ਸਿੰਘ ਨਾਭਾ ਦਸਮ ਦੁਆਰ ਨੂੰ 'ਦਿਮਾਗ' ਨਾਲ ਤਰਜ਼ੀਹ ਦਿੰਦੇ ਹਨ ਜਿਸ ਕਰਕੇ ਬਹੁਤ ਸਾਰੇ ਸਿੱਖ ਬੁੱਧੀਜੀਵੀ ਇਸ ਸੰਕਲਪ ਤੋਂ ਮੁਨਕਰ ਹਨ। ਮੇਰੇ ਵਿਚਾਰ ਵਿਚ ਜਿਵੇਂ ਹੋਰ ਸੰਕਲਪ ਗੁਰਮੱਤ ਅਤੇ ਭਾਰਤੀ ਧਰਮਾਂ ਵਿਚ ਸਮਰੂਪ ਪਾਏ ਗਏ ਹਨ, ਇਸੇ ਤਰ੍ਹਾਂ ਹੀ ਦਸਮ ਦੁਆਰ ਵੀ ਗੁਰਬਾਣੀ ਵਿਚ ਪ੍ਰਵਾਨ ਚੜ੍ਹਿਆ ਹੈ :

ਦਸਮ ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ।

(ਰਾਮਕਲੀ ਭਗਤ ਬੇਣੀ, ਪੰਨਾ 974)

✵✵✵

# 11.

# ਗੁਰਬਾਣੀ ਵਿਚ ਸੁੰਨ ਦਾ ਸੰਕਲਪ

ਸੁੰਨ ਦਾ ਸੰਕਲਪ ਕੇਵਲ ਭਾਰਤੀ ਮੂਲ ਦੇ ਧਰਮਾਂ (ਹਿੰਦੂ, ਬੁੱਧ, ਜੈਨ) ਵਿਚ ਹੀ ਮਿਲਦਾ ਹੈ। ਗੁਰਬਾਣੀ ਵਿਚ 'ਸੁੰਨ' 84 ਵਾਰ ਆਇਆ ਹੈ ਅਤੇ ਇਸ ਦੀ ਬਹੁਤੀ ਵਰਤੋਂ ਸਿਧ ਗੋਸਟ, ਮਾਰੂ ਸੋਲਹੇ ਅਤੇ ਸੁਖਮਨੀ ਦੀਆਂ ਬਾਣੀਆਂ ਵਿਚ ਮਿਲਦੀ ਹੈ। ਸੁੰਨ ਦਾ ਅਰਥ ਸਿਫ਼ਰ, ਪਰਮ ਸਤ, ਸਮਾਂ-ਪੁਲਾੜ ਤੋਂ ਬਾਹਰ ਦੀ ਅਵਸਥਾ ਅਤੇ ਸੁੰਨ ਸਮਾਧੀ ਤੋਂ ਲਿਆ ਗਿਆ ਹੈ। ਕਈ ਵਿਗਿਆਨੀ ਸੁੰਨ ਨੂੰ 'ਆਦਿ ਸੱਚ' ਕਹਿੰਦੇ ਹਨ ਅਤੇ ਇਸ ਨੂੰ ਵਿਗਿਆਨ ਪਦ ਸਿੰਗੂਲੈਰਿਟੀ (singularity) ਨਾਲ ਜੋੜਦੇ ਹਨ। ਇਹ ਅਵਸਥਾ ਮਨੁੱਖੀ ਸੂਝ-ਬੂਝ ਦੇ ਘੇਰੇ ਤੋਂ ਬਾਹਰ ਹੈ ਅਤੇ ਅਕੱਥ-ਕਥਨੀ ਹੈ।

ਸੁਖਮਨੀ ਸਾਹਿਬ ਵਿਚ ਸੁੰਨ ਅਵਸਥਾ ਦਾ ਜ਼ਿਕਰ ਮਿਲਦਾ ਹੈ :

ਜਬ ਧਾਰੀ ਆਪਨ ਸੁੰਨ ਸਮਾਧਿ।
ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ।

(ਗਉੜੀ ਸੁਖਮਨੀ ਮ: 5, ਪੰਨਾ 290)

ਸੁੰਨ ਸਮਾਧਿ ਅਨਹਤ ਤਹ ਨਾਦ।
ਕਹਨੁ ਨ ਜਾਈ ਅਚਰਜ ਬਿਸਮਾਦ।

(ਗਉੜੀ ਸੁਖਮਨੀ ਮ: 5, ਪੰਨਾ 293)

ਸੁੰਨ ਦੀ ਵਿਆਖਿਆ ਸਿਧ ਗੋਸਟ ਦੀ ਬਾਣੀ ਵਿਚ ਭਲੀ-ਭਾਂਤ ਹੋਈ ਮਿਲਦੀ ਹੈ। ਸਿੱਧ-ਨਾਥ-ਯੋਗੀ ਪਰੰਪਰਾ ਵਿਚ 'ਸੁੰਨ' ਇਕ ਮਹੱਤਵਪੂਰਣ ਅਵਸਥਾ ਹੈ ਜਿਸ ਨੂੰ 'ਸੁੰਨ ਸਮਾਧੀ' ਵੀ ਕਿਹਾ ਜਾਂਦਾ ਹੈ। ਯੋਗ ਦਰਸ਼ਨ ਵਿਚ ਇਸ ਦਾ ਵਿਸਥਾਰ ਮਿਲ ਜਾਂਦਾ ਹੈ। ਇਸ ਨੂੰ ਯੋਗ-ਅਭਿਆਸ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿਚ 'ਸੁੰਨ' ਦੀ ਪ੍ਰਾਪਤੀ ਲਈ ਯੋਗ-ਅਭਿਆਸ ਦੀ ਪ੍ਰਕ੍ਰਿਆ ਨਹੀਂ ਦੱਸੀ ਗਈ ਬਲਕਿ ਗੁਰਮੱਤ ਦੀ ਆਪਣੀ ਵਿਧੀ ਦਾ ਵੇਰਵਾ ਦਰਜ ਹੈ।

ਸਿੱਧਾਂ ਦੇ ਗੁਰੂ ਨਾਨਕ ਸਾਹਿਬ ਨਾਲ ਸਵਾਲ-ਜਵਾਬ ਹੇਠ ਦਰਜ ਹਨ :

ਸਿੱਧ : ਆਦਿ ਕਉ ਕਵਨੁ ਬੀਚਾਰ ਕਥੀਅਲੇ ਸੁੰਨ ਕਹਾ ਘਰ ਵਾਸੋ।

ਗੁਰੂ ਨਾਨਕ : ਆਦਿ ਕਉ ਬਿਸਮਾਦੁ ਬੀਚਾਰ ਕਥੀਅਲੇ
ਸੁੰਨ ਨਿਰੰਤਰਿ ਵਾਸੁ ਲੀਆ। (ਰਾਮਕਲੀ ਸਿਧ ਗੋਸਟ ਮ: 1, ਪੰਨਾ 940)

ਸੁੰਨ ਦਾ ਪਸਾਰਾ ਸਾਰੀ ਸ੍ਰਿਸ਼ਟੀ ਵਿਚ ਹੈ। ਇਸ ਦਾ ਪ੍ਰਭਾਵ ਵਿਸ਼ਵਵਿਆਪੀ ਹੈ। ਜੋ ਮਨੁੱਖ ਸੁੰਨ ਦਾ ਭੇਦ ਜਾਣਦਾ ਹੈ, ਉਹ ਪ੍ਰਭੂ ਪਰਮਾਤਮਾ ਨੂੰ ਜਾਣ ਲੈਂਦਾ ਹੈ। ਸਿੱਧ ਗੋਸਟ ਵਿਚ ਸੁੰਨ ਅਵਸਥਾ ਦੇ ਧਾਰਣੀ ਗੁਰਮੁਖ ਦੀਆਂ ਵਿਸ਼ੇਸ਼ਤਾਈਆਂ ਦਾ ਜ਼ਿਕਰ ਹੈ :

ਅੰਤਰ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ।
ਚਉਥੈ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ।
ਘਟਿ ਘਟਿ ਸੁੰਨ ਕਾ ਜਾਣੈ ਭੇਉ।
ਆਦਿ ਪੁਰਖੁ ਨਿਰੰਜਨ ਦੇਉ।

-----------------------

ਸੁੰਨੋ ਸੁੰਨ ਕਹੈ ਸਭੁ ਕੋਈ।

ਅਨਹਤ ਸੁੰਨੁ ਕਹਾ ਤੇ ਹੋਈ।

ਅਨਹਤ ਸੁੰਨਿ ਰਤੇ ਸੇ ਕੈਸੇ।

ਜਿਸ ਤੇ ਉਪਜੇ ਤਿਸ ਹੀ ਜੈਸੇ।

(ਰਾਮਕਲੀ ਸਿਧ ਗੋਸਟ ਮਃ 1, ਪੰਨਾ 943)

ਇਕ ਹੋਰ ਅਹਿਮ ਸਵਾਲ ਸਿੱਧਾਂ ਨੇ 'ਮਨ' ਦੀ ਹੋਂਦ ਅਤੇ ਹਸਤੀ ਬਾਰੇ ਕੀਤਾ ਜਿਸ ਦੇ ਜਵਾਬ ਵਿਚ ਗੁਰੂ ਨਾਨਕ ਸਾਹਿਬ ਨੇ 'ਮਨ' ਨੂੰ 'ਸੁੰਨ' ਵਿਚ ਮੌਜੂਦ ਦੱਸਿਆ:

ਸਿੱਧ : ਜਾ ਇਹੁ ਹਿਰਦਾ ਦੇ ਨ ਹੋਤੀ ਤਉ ਮਨੁ ਕੈਠੇ ਰਹਤਾ।

ਗੁਰੂ ਨਾਨਕ : ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨ ਰਹੈ ਬੈਰਾਗੀ।

(ਰਾਮਕਲੀ ਸਿਧ ਗੋਸਟ ਮਃ 1, ਪੰਨਾ 945)

'ਸੁੰਨ' ਬਾਰੇ ਮਾਰੂ ਸੋਲਹੇ ਦੀ ਬਾਣੀ ਵਿਚ ਸਤਾਰਵਾਂ ਸੋਲਹਾ ਪੂਰੇ ਦਾ ਪੂਰਾ 'ਸੁੰਨ' ਦੀ ਵਿਆਖਿਆ ਕਰਦਾ ਹੈ ਜੋ 'ਅਰਬਦ ਨਰਬਦ ਧੁੰਧੂਕਾਰਾ' ਦੇ ਸੋਲਹੇ ਤੋਂ ਬਾਅਦ ਆਉਂਦਾ ਹੈ :

ਸੁੰਨ ਕਲਾ ਅਪਰੰਪਰਿ ਧਾਰੀ, ਆਪ ਨਿਰਾਲਮ ਅਪਰ ਅਪਾਰੀ।

ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥

ਪਉਣੁ ਪਾਣੀ ਸੁੰਨੈ ਤੇ ਸਾਜੇ।....

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ। ਸੁੰਨੇ ਵਰਤੇ ਜੁਗ ਸਬਾਏ।

............................

ਸੁੰਨਹੁ ਧਰਤਿ ਅਕਾਸੁ ਉਪਾਏ।...

ਸੁੰਨਹੁ ਰਾਤਿ ਦਿਨਸੁ ਦੁਇ ਕੀਏ।......

ਪੰਚ ਤਤੁ ਸੁੰਨਹੁ ਪਰਗਾਸਾ।...........

(ਮਾਰੂ ਸੋਲਹੇ ਮਃ 1, ਪੰਨਾ 1037)

ਸੋ ਸਪੱਸ਼ਟ ਹੈ ਕਿ ਸਾਰੀ ਸ੍ਰਿਸ਼ਟੀ ਰਚਨਾ ਇਸ 'ਸੁੰਨ' ਤੋਂ ਹੋਈ ਹੈ। 'ਸੁੰਨ' ਪ੍ਰਭੂ ਸਤਾ ਦੀ ਪ੍ਰਤੀਕ ਹੈ। ਰਚਨਾ ਤੋਂ ਪਹਿਲਾਂ 36 ਜੁਗ ਪ੍ਰਭੂ ਸੁੰਨ ਅਵਸਥਾ ਵਿਚ ਰਿਹਾ:

ਜੁਗ ਛਤੀਹ ਗੁਬਾਰੁ ਕਰਿ ਵਰਤਿਆ ਸੁੰਨਾਹਰਿ।

(ਬਿਹਾਗੜਾ ਮਃ 4, ਪੰਨਾ 555)

✵✵✵

# 12.

# ਗੁਰਬਾਣੀ ਵਿਚ ਬ੍ਰਹਮੰਡ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮੰਡ ਪਦ 36 ਵਾਰ ਆਇਆ ਹੈ ਅਤੇ ਬਹੁਤੀ ਵਾਰ ਖੰਡ ਅਤੇ ਬ੍ਰਹਮੰਡ ਇਕੱਠੇ ਹੀ ਆਉਂਦੇ ਹਨ। ਸਪਸ਼ਟ ਹੈ ਕਿ ਬ੍ਰਹਮੰਡ ਬਹੁਤ ਵੱਡੇ ਆਕਾਰ ਦਾ ਹੋਣ ਕਰਕੇ ਇਸ ਵਿਚ ਕਈ ਖੰਡ ਮੌਜੂਦ ਹਨ। ਬ੍ਰਹਿਮੰਡ ਦੇ ਪਸਾਰੇ ਵਿਚ ਧਰਤੀਆਂ, ਸੂਰਜੀ ਮੰਡਲ (Solar Systems), ਤਾਰਕਾ ਮੰਡਲ (Galaxies) ਅਤੇ ਬਲੈਕ ਹੋਲਜ਼ (Black Holes) ਵੀ ਸ਼ਾਮਲ ਹਨ। ਗੁਰਬਾਣੀ ਵਿਚ ਜੋ ਸ਼ਬਦਾਵਲੀ ਵਰਤੀ ਗਈ ਹੈ ਉਹ ਕੁਝ ਭਿੰਨ ਹੈ ਜਿਵੇਂ ਦੀਪ ਲੋਅ ਮੰਡਲ ਅਕਾਸ ਪਤਾਲ ਆਦਿਕ।

ਬ੍ਰਹਮੰਡ ਬਾਰੇ ਭੌਤਿਕ ਵਿਗਿਆਨ ਦੀਆਂ ਖੋਜਾਂ ਸਿੱਧ ਕਰਦੀਆਂ ਹਨ ਕਿ ਇਹ ਇਕ ਵੱਡੇ ਧਮਾਕੇ, ਜਿਸ ਨੂੰ ਬਿਗ ਬੈਂਗ (Big Bang) ਕਹਿੰਦੇ ਹਨ, ਤੋਂ ਪੈਦਾ ਹੋਇਆ। ਵਿਗਿਆਨੀ ਇਸ ਦੇ ਕਰਤਾ ਬਾਰੇ ਚੁੱਪ ਹਨ ਪਰੰਤੂ ਗੁਰਬਾਣੀ ਵਿਚ ਇਸ ਰਚਨਾ ਦੇ ਕਰਤਾ ਬਾਰੇ ਜਾਣਕਾਰੀ ਮਿਲ ਜਾਂਦੀ ਹੈ :

ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ।

(ਸੋਰਠ ਮ: 1, ਪੰਨਾ 612)

ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ।

(ਮਾਰੂ ਸੋਹਲੇ ਮ: 1, ਪੰਨਾ 1036)

ਜਿਨਿ ਕੀਏ ਖੰਡ ਮੰਡਲ ਬ੍ਰਹਮੰਡਾ ਸੋ ਪ੍ਰਭੁ ਲਖਨੁ ਨ ਜਾਈ।

(ਰਾਮਕਲੀ ਮ: 1, ਪੰਨਾ 907)

ਸੁਖਮਨੀ ਸਾਹਿਬ ਵਿਚ ਇਕ ਬ੍ਰਹਮੰਡ ਦੀ ਬਜਾਏ ਕਈ ਕਰੋੜ ਬ੍ਰਹਮੰਡਾਂ ਦੀ ਗੱਲ ਹੋਈ ਹੈ। ਹੈਰਾਨੀ ਦੀ ਗੱਲ ਹੈ ਜੋ ਸੂਚਨਾ ਗੁਰਬਾਣੀ ਵਿਚ ਚਾਰ ਸੌ ਸਾਲ ਪਹਿਲਾਂ ਦਰਜ ਹੈ, ਉਹ ਭੌਤਿਕ ਵਿਗਿਆਨੀ ਹੁਣ ਢੂੰਢ ਰਹੇ ਹਨ ਅਤੇ ਬਹੁਤੇ ਬ੍ਰਹਮੰਡਾਂ (multiverse) ਦੀ ਚਰਚਾ ਕਰ ਰਹੇ ਹਨ।

ਕਈ ਕੋਟ ਅਕਾਸ ਬ੍ਰਹਮੰਡ।

(ਗਉੜੀ ਸੁਖਮਨੀ ਮ: 5, ਪੰਨਾ 276)

ਸਚੇ ਤੇਰੇ ਖੰਡ ਸਚੇ ਬ੍ਰਹਮੰਡ।

(ਆਸਾ ਮ: 1, ਪੰਨਾ 463)

ਕੋਟਿ ਬ੍ਰਹਮੰਡ ਜਾ ਕੇ ਧਰਮਸਾਲ।
ਕੋਟਿ ਮਹੇਸ ਉਪਾਇ ਸਮਾਏ।
ਕੋਟਿ ਬ੍ਰਹਮੇ ਜਗੁ ਸਾਜਣ ਲਾਏ।

(ਭੈਰਉ ਮ: 5, ਪੰਨਾ 1156)

ਬ੍ਰਹਮੰਡ ਦਾ ਰਚਨਹਾਰ ਇਸ ਦੇ ਜ਼ਰੇ-ਜ਼ਰੇ ਵਿਚ ਸਮਾਇਆ ਹੋਇਆ ਹੈ। ਉਹ ਸਭ ਜੀਅ ਜੰਤੂਆਂ ਅਤੇ ਖੰਡਾਂ ਬ੍ਰਹਮੰਡਾਂ ਦਾ ਉਧਾਰਣਹਾਰ ਹੈ :

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ।

(ਜੈਤਸਰੀ ਮ: 5, ਪੰਨਾ 706)

ਚਉਦਸਿ ਭਵਨ ਪਾਤਾਲ ਸਮਾਏ।
ਖੰਡ ਬ੍ਰਹਮੰਡ ਰਹਿਆ ਲਿਵ ਲਾਏ।

(ਬਿਲਾਵਲ ਮ: 1, ਪੰਨਾ 840)

ਖੰਡ ਬ੍ਰਹਮੰਡ ਬੇਅੰਤ ਉਧਾਰਣ ਹਾਰਿਆ।

(ਰਾਮਕਲੀ ਮ: 5, ਪੰਨਾ 963)

ਗੁਰਬਾਣੀ ਵਿਚ ਜੋ ਵਿਗਿਆਨਕ ਸਚਾਈ ਦਰਸਾਈ ਗਈ ਹੈ, ਉਹ ਹੈਰਾਨੀਜਨਕ ਹੈ। ਜੋ ਵਿਸ਼ਵਵਿਆਪੀ (universal) ਨਿਯਮ ਬ੍ਰਹਮੰਡ ਲਈ ਹਨ, ਉਹ ਖੰਡ ਲਈ ਵੀ ਹਨ। ਬਲਕਿ ਬ੍ਰਹਮੰਡ ਦਾ ਪਿੰਡ (human body) ਨਾਲ ਵੀ ਸੰਬੰਧ ਹੈ ਜੋ ਗੁਰਬਾਣੀ ਵਿਚ ਦਰਸਾਇਆ ਗਿਆ ਹੈ :

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ।

(ਮਾਰੂ ਸੋਲਹੇ ਮ: 1, ਪੰਨਾ 1041)

ਸੋ ਬ੍ਰਹਮੰਡਿ ਪਿੰਡਿ ਸੋ ਜਾਨੁ।

(ਭੈਰਉ ਭਗਤ ਕਬੀਰ, ਪੰਨਾ 1162)

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।

(ਧਨਾਸਰੀ ਭਗਤ ਪੀਪਾ, ਪੰਨਾ 695)

ਗੁਰਬਾਣੀ ਦਾ ਉਪਦੇਸ਼ ਹੈ ਕਿ ਜਦੋਂ ਭਰਮ ਦਾ ਪਰਦਾ ਦੂਰ ਹੋ ਜਾਂਦਾ ਹੈ ਤਾਂ ਪਿੰਡ, ਖੰਡ ਅਤੇ ਬ੍ਰਹਮੰਡ ਦੇ ਰਚਨਹਾਰ ਦੇ ਦੀਦਾਰ ਹੋ ਜਾਂਦੇ ਹਨ :

ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ ਦਿਖਾਇਓ।

(ਗਉੜੀ ਮ: 5, ਪੰਨਾ 205)

✵✵✵

# 13.

# ਗੁਰਬਾਣੀ ਵਿਚ ਕੁਦਰਤਿ ਦਾ ਸੰਕਲਪ

ਹਿੰਦੂ ਧਰਮ ਗ੍ਰੰਥਾਂ ਵਿਚ ਕੁਦਰਤਿ ਦੀ ਬਜਾਏ ਪ੍ਰਕ੍ਰਿਤੀ ਪਦ ਵਰਤਿਆ ਗਿਆ ਹੈ। ਕੁਦਰਤਿ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸੋਚਾਰੂ ਸ਼ਕਤੀ। ਜਿਵੇਂ ਪ੍ਰਕ੍ਰਿਤੀ ਤੋਂ ਸਰਿਸ਼ਟੀ ਰਚਨਾ ਹੋਈ ਦੱਸੀ ਜਾਂਦੀ ਹੈ ਇਸੇ ਤਰ੍ਹਾਂ ਕੁਦਰਤਿ ਰੱਬੀ ਸ਼ਕਤੀ ਦਾ ਪ੍ਰਤੀਕ ਹੈ। ਭੌਤਿਕ ਵਿਗਿਆਨ ਵਿਚ ਕੁਦਰਤਿ ਨੂੰ ਨੇਚਰ (nature) ਕਿਹਾ ਜਾਂਦਾ ਹੈ ਜਿਸ ਦੇ ਅਧਿਐਨ ਤੋਂ ਵਿਸ਼ਵ ਵਿਆਪੀ ਨਿਯਮਾਂ ਦੀ ਖੋਜ ਹੋਈ ਹੈ।

ਗੁਰੂ ਨਾਨਕ ਸਾਹਿਬ ਨੇ ਕਾਦਰ ਅਤੇ ਕੁਦਰਤਿ ਦੇ ਸਾਮੀ ਸੰਕਲਪਾਂ ਨੂੰ ਆਪਣੀ ਬਾਣੀ ਵਿਚ ਵਰਤ ਕੇ ਭਾਰਤੀ ਧਰਮਾਂ ਲਈ ਇਕ ਨਵੀਂ ਪਿਰਤ ਪਾਈ ਹੈ। ਗੁਰੂ ਨਾਨਕ ਦਾ ਰੱਬ ਕਾਦਰ ਦੇ ਰੂਪ ਵਿਚ ਕੁਦਰਤਿ ਦਾ ਸਿਰਜਣਹਾਰ ਹੈ ਜੋ ਕਿ ਹਿੰਦੂ ਧਰਮ ਦੇ ਸਾਂਖ ਸ਼ਾਸਤਰ ਦੀ 'ਪੁਰਸ਼ ਅਤੇ ਪ੍ਰਕ੍ਰਿਤੀ' ਧਾਰਣਾ ਦੇ ਉਲਟ ਹੈ। ਬ੍ਰਹਿਮੰਡ ਵਿਚ ਵਾਪਰ ਰਹੀ ਹਰ ਘਟਨਾ 'ਕੁਦਰਤਿ' ਦਾ ਇਜ਼ਹਾਰ ਹੈ। ਕਾਦਰ ਨੇ ਪਹਿਲਾਂ ਆਪਣੇ ਆਪ ਨੂੰ ਪੈਦਾ ਕੀਤਾ ਅਤੇ ਫਿਰ ਬ੍ਰਹਿਮੰਡੀ ਪਸਾਰੇ ਰਾਹੀਂ 'ਕੁਦਰਤਿ' ਨੂੰ ਪ੍ਰਗਟ ਕੀਤਾ :

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ।

(ਵਾਰ ਆਸਾ ਮ: 1, ਪੰਨਾ 463)

ਆਸਾ ਦੀ ਵਾਰ ਵਿਚ ਗੁਰੂ ਨਾਨਕ ਸਾਹਿਬ 'ਕੁਦਰਤਿ' ਦੇ ਸੰਕਲਪ ਅਤੇ ਸਿਧਾਂਤ ਦੀ ਪੂਰੀ ਵਿਆਖਿਆ ਕਰ ਰਹੇ ਜਾਪਦੇ ਹਨ ਜੋ ਵਿਗਿਆਨਕ ਧਾਰਣਾ ਨਾਲ ਮੇਲ ਖਾਂਦੀ ਹੈ :

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ।
ਕੁਦਰਤਿ ਪਾਤਾਲੀ ਅਕਾਸੀ ਕੁਦਰਤਿ ਸਰਬ ਆਕਾਰੁ।
---------------------------------------
ਕੁਦਰਤਿ ਪਉਣ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।
ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।

(ਵਾਰ ਆਸਾ ਮ: 1, ਪੰਨਾ 464)

ਗੁਰਬਾਣੀ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਕਾਦਰ ਵਾਂਗ ਕੁਦਰਤਿ ਵੀ ਅਸੀਮ ਹੈ :

ਬਲਿਹਾਰੀ ਕੁਦਰਤਿ ਵਸਿਆ ਤੇਰਾ ਅੰਤੁ ਨ ਜਾਈ ਲਖਿਆ।

(ਵਾਰ ਆਸਾ ਮ: 1, ਪੰਨਾ 469)

ਜਿਵੇਂ ਕਾਦਰ ਦਾ ਥਹੁ-ਪਤਾ ਨਹੀਂ ਲਗਾਇਆ ਜਾ ਸਕਦਾ ਉਸੇ ਤਰ੍ਹਾਂ ਹੀ ਕੁਦਰਤਿ ਬਾਰੇ ਪੂਰੀ ਜਾਣਕਾਰੀ ਕਾਦਰ ਨੂੰ ਹੀ ਹੈ ਹੋਰ ਕਿਸੇ ਨੂੰ ਨਹੀਂ, ਭਾਵੇਂ ਵਿਗਿਆਨੀ ਆਪਣੀਆਂ ਖੋਜਾਂ ਦਵਾਰਾ ਘੋਖ ਕਰਦੇ ਰਹਿੰਦੇ ਹਨ :

ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ।

(ਸਿਰੀ ਰਾਗ ਮ: 1, ਪੰਨਾ 53)

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ।

(ਮਾਝ ਮ: 1, ਪੰਨਾ 143)

ਅਪਨੀ ਕੁਦਰਤਿ ਜਾਣੈ ਆਪਿ।

(ਆਸਾ ਮ: 5, ਪੰਨਾ 390)

ਤੂੰ ਪਾਰਬ੍ਰਹਮ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ।

(ਆਸਾ ਮ: 3, ਪੰਨਾ 442)

ਗੁਰਬਾਣੀ ਵਿਚ ਕਾਦਰ ਅਤੇ ਕੁਦਰਤਿ ਦੋਹਾਂ ਨੂੰ ਵਿਸਮਾਦ (ਅਦਭੁੱਤ) ਕਿਹਾ ਗਿਆ ਹੈ :

ਤੂ ਅਚਰਜੁ ਕੁਦਰਤਿ ਤੇਰੀ ਬਿਸਮਾ।

(ਵਡਹੰਸ ਮ: 5, ਪੰਨਾ 563)

ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ।

(ਗੂਜਰੀ ਮ: 5, ਪੰਨਾ 521)

ਅਧਿਆਤਮਕ ਜਗਤ ਵਿਚ 'ਕਾਦਰ' ਦੀ ਭਾਲ ਲਈ ਕਈ ਰਿਧੀਆਂ, ਸਿਧੀਆਂ ਅਤੇ ਵਿਧੀਆਂ ਦਾ ਉਲੇਖ ਮਿਲਦਾ ਹੈ। ਹਰ ਧਰਮ ਨੇ ਆਪਣੇ ਪੈਰੋਕਾਰਾਂ ਲਈ ਅਲੱਗ-ਅਲੱਗ ਮਾਰਗ ਦਰਸਾਏ ਹਨ। ਗੁਰੂ ਨਾਨਕ ਸਾਹਿਬ ਇਕ ਵਿਗਿਆਨੀ ਵਾਂਗ ਨਸੀਹਤ ਦੇ ਰਹੇ ਹਨ ਕਿ ਉਸ ਕਾਦਰ ਦੀ ਪਹਿਚਾਣ (ਸਿਨਾਖਤ) ਵੀ ਕੁਦਰਤਿ ਵਿਚੋਂ ਹੀ ਹੋ ਜਾਂਦੀ ਹੈ :

ਨਾਨਕ ਸਚ ਦਾਤਾਰੁ ਸਿਨਾਖਤ ਕੁਦਰਤੀ।

(ਮਾਝ ਮ: 1, ਪੰਨਾ 141)

ਜਿਨਿ ਜਗ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ।
ਸਚੜਾ ਦੂਰਿ ਨਾ ਭਾਲੀਐ ਘਟਿ ਘਟਿ ਸਬਦੁ ਪਛਾਣੋਵਾ।

(ਵਡਹੰਸ ਮ: 1, ਪੰਨਾ 581)

ਨਿਰਭਉ ਸੋ ਸਿਰਿ ਨਾਹੀ ਲੇਖਾ
ਆਪਿ ਅਲੇਖੁ ਕੁਦਰਤਿ ਹੈ ਦੇਖਾ।

(ਮਾਰੂ ਸੋਲਹੇ ਮ: 1, ਪੰਨਾ 1042)

ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ।

(ਮਾਰੂ ਮ: 5, ਪੰਨਾ 1094)

ਗੁਰਬਾਣੀ ਵਿਚ ਕੁਦਰਤਿ ਦਾ ਸੰਕਲਪ ਭਾਰਤੀ ਧਰਮਾਂ ਤੋਂ ਨਿਆਰਾ ਹੈ। ਇਹ ਇਸਲਾਮ ਦੇ ਨੇੜੇ ਜਾ ਢੁਕਦਾ ਹੈ ਜਿਸ ਕਰਕੇ ਇਸ ਦੀ ਵਿਆਖਿਆ ਲਈ ਕੁਰਾਨ ਮਜ਼ੀਦ ਵਾਲੀ ਸ਼ਬਦਾਵਲੀ ਦੀ ਵਰਤੋਂ ਵੀ ਹੋਈ ਹੈ।

ਸਹੀ ਤੇਰਾ ਫੁਰਮਾਨੁ ਕਿਨੈ ਨ ਫੇਰੀਐ।
ਕਾਰਣ ਕਰਣ ਕਰੀਮ ਕੁਦਰਤਿ ਤੇਰੀਐ।

(ਰਾਮਕਲੀ ਵਾਰ ਮ: 5, ਪੰਨਾ 964)

ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕ।

(ਵਾਰ ਆਸਾ ਮਃ 1, ਪੰਨਾ 464)

ਕਰਤੇ ਕੁਦਰਤੀ ਮੁਸਤਾਕੁ।
ਦੀਨ ਦੁਨੀਆ ਏਕ ਤੂਹੀ ਸਭ ਖਲਕ ਹੀ ਤੇ ਪਾਕੁ।

(ਤਿਲੰਗ ਮਃ 5, ਪੰਨਾ 724)

ਭਗਤ ਕਬੀਰ ਜੀ ਦਾ ਉਪਦੇਸ਼ ਤਾਂ ਬਾਈਬਲ ਦੇ ਹੋਰ ਨੇੜੇ ਜਾ ਢੁਕਦਾ ਹੈ ਜਿਸ ਵਿਚ ਉਹ ਬਿਆਨ ਕਰਦੇ ਹਨ ਕਿ ਅੱਲਾ ਨੇ ਪਹਿਲਾਂ ਪ੍ਰਕਾਸ਼ (ਨੂਰ) ਪੈਦਾ ਕੀਤਾ ਅਤੇ ਫਿਰ ਆਪਣੀ ਕਰਤਾਰੀ ਸ਼ਕਤੀ ਨਾਲ ਮਨੁੱਖ ਪੈਦਾ ਕੀਤੇ :

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।

(ਪ੍ਰਭਾਤੀ ਭਗਤ ਕਬੀਰ, ਪੰਨਾ 1349)

✵✵✵

# 14.

# ਗੁਰਬਾਣੀ ਵਿਚ ਸੁਰਤਿ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਸੁਰਤਿ ਪਦ 127 ਵਾਰ ਆਉਂਦਾ ਹੈ। ਆਮ ਬੋਲ ਚਾਲ ਵਿਚ ਵੀ ਕਿਹਾ ਜਾਂਦਾ ਹੈ : 'ਤੇਰੀ ਸੁਰਤਿ ਤਾਂ ਨਹੀਂ ਮਾਰੀ ਗਈ'। ਸੋ ਸੁਰਤਿ ਕੋਈ ਅਨੁਭਵੀ ਅਵਸਥਾ ਨਾਲ ਸੰਬੰਧਿਤ ਜਾਗਰੂਕਤਾ ਹੈ ਜਿਸ ਵਿਚ ਉਤਰਾ-ਚੜ੍ਹਾ ਆਉਂਦਾ ਰਹਿੰਦਾ ਹੈ। ਪ੍ਰੋ. ਪੂਰਨ ਸਿੰਘ 'ਖੁੱਲੇ ਘੁੰਡ' ਦੇ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ 'ਸੁਰਤਿ ਅਤੇ ਹੰਕਾਰ' ਦੀ ਗੱਲ ਕਰਦੇ ਹਨ : "ਸੁਰਤਿ ਅੰਦਰਲੀ ਛੁਹ ਨਾਲ ਜਾਗੀ ਉਚਿਆਣ ਹੈ ਜੋ ਹੰਕਾਰ ਤੋਂ ਵੱਖਰੀ ਹੈ।" ਪੂਰਨ ਸਿੰਘ ਦੇ ਸ਼ਬਦਾਂ ਵਿਚ 'ਸੁਰਤਿ' ਅਧਿਆਤਮਕ ਚੇਤਨਾ ਦਾ ਹੀ ਨਾਮ ਹੈ ਜਿਸ ਨੂੰ ਆਤਮਾ ਵੀ ਕਿਹਾ ਗਿਆ ਹੈ। ਇਹ ਉਹ ਜੀਵਨ ਰੌਅ ਹੈ ਜਿਸ ਦੇ ਆਸਰੇ ਕੌਮਾਂ ਬਲਵਾਨ ਅਤੇ ਚੜ੍ਹਦੀ ਕਲਾ ਨੂੰ ਪ੍ਰਾਪਤ ਹੁੰਦੀਆਂ ਹਨ। ਪੂਰਨ ਸਿੰਘ ਕਹਿੰਦਾ ਹੈ : "ਗੁਰੂਆਂ ਨੇ ਜੀਵਨ ਨੂੰ ਸੁਰਤਿ ਦੇ ਉਤਰਾ ਅਤੇ ਚੜ੍ਹਾ ਰਾਹੀਂ ਦਰਸਾਇਆ ਹੈ। ਸੁਰਤਾ ਉਹ ਹੈ ਜੋ ਜਾਗਰਿਤ ਅਵਸਥਾ ਵਿਚ ਵਿਚਰ ਸਕੇ। ਇਸ ਤੋਂ ਜ਼ਾਹਰ ਹੈ ਕਿ ਅਧਿਆਤਮਕ ਚੇਤਨਾ ਵਾਲਾ ਇਨਸਾਨ ਹੀ ਸੁਰਤਾ ਹੋ ਸਕਦਾ ਹੈ, ਇਕ ਪਥਰਾਈ ਆਤਮਾ ਵਾਲਾ ਨਹੀਂ।"

ਜਪੁਜੀ ਸਾਹਿਬ ਵਿਚ ਤਿੰਨ ਵਾਰ ਸੁਰਤਿ ਦਾ ਜ਼ਿਕਰ ਹੋਇਆ ਹੈ :

ਮੰਨੈ ਸੁਰਤਿ ਹੋਵੈ ਮਨਿ ਬੁਧਿ।
ਮੰਨੈ ਸਗਲ ਭਵਣ ਕੀ ਸੁਧਿ।

(ਜਪੁਜੀ, ਪੰਨਾ 3)

ਸਲਾਹੀ ਸਾਲਾਹਿ ਏਤੀ ਸੁਰਤਿ ਨ ਪਾਈਆ।

(ਜਪੁਜੀ, ਪੰਨਾ 5)

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ।
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ।

(ਜਪੁਜੀ, ਪੰਨਾ 8)

ਉਪਰਲੀਆਂ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਦਾ ਹੁਕਮ ਮੰਨਣ ਵਾਲੇ ਦੀ ਸੁਰਤਿ ਅਨੁਭਵੀ ਹੋ ਜਾਂਦੀ ਹੈ ਅਤੇ ਪੂਰੀ ਸ੍ਰਿਸ਼ਟੀ ਦਾ ਗਿਆਤਾ ਹੋ ਜਾਂਦਾ ਹੈ। ਸੁਰਤਿ ਹਰ ਮਨੁੱਖ ਵਿਚ ਹੁੰਦੀ ਹੈ ਪ੍ਰੰਤੂ ਇਸ ਨੂੰ ਜਗਾਣਾ ਪੈਂਦਾ ਹੈ ਜਾਂ ਜਿਵੇਂ ਸਰਮ ਖੰਡ ਦੀ ਪਉੜੀ ਵਿਚ ਗੁਰੂ ਨਾਨਕ ਸਾਹਿਬ ਫ਼ੁਰਮਾਨ ਕਰਦੇ ਹਨ ਕਿ ਸੁਰਤਿ ਘੜਨੀ ਪੈਂਦੀ ਹੈ।

ਸੁਰਤਿ ਸਾਰੇ ਜੀਵ ਜੰਤੂਆਂ ਵਿਚ ਮੌਜੂਦ ਹੁੰਦੀ ਹੈ। ਜਿਵੇਂ ਮਨ ਅਤੇ ਬੁੱਧੀ ਦਾ ਵਾਸਾ ਹਰ ਮਨੁੱਖ ਵਿਚ ਹੁੰਦਾ ਹੈ ਉਸੇ ਤਰ੍ਹਾਂ ਹੀ ਸੁਰਤਿ ਦੀ ਹੋਂਦ ਸਭ ਪ੍ਰਾਣੀ ਮਾਤਰ ਵਿਚ ਕਾਇਮ ਹੁੰਦੀ ਹੈ। ਸੁਰਤਿ ਦੇ ਪ੍ਰਭਾਵ ਹੇਠ ਹਰ ਪ੍ਰਾਣੀ ਆਪਣਾ ਜੀਵਨ ਮਾਰਗ ਨਿਰਧਾਰਤ ਕਰਦਾ ਹੈ। ਹੇਠਲੀਆਂ ਤੁਕਾਂ ਉਪਰਲੀ ਵਿਚਾਰ ਦੀ ਪੁਸ਼ਟੀ ਕਰਦੀਆਂ ਹਨ :

ਏਕਾ ਸੁਰਤਿ ਜੇਤੇ ਹੈ ਜੀਅ।
ਸੁਰਤਿ ਵਿਹੂਣਾ ਕੋਇ ਨ ਕੀਅ।

(ਸਿਰੀ ਰਾਗ ਮਃ 1, ਪੰਨਾ 24)

ਜੇਹੀ ਸੁਰਤਿ ਤੇਹਾ ਤਿਨ ਰਾਹੁ।

(ਸਿਰੀ ਰਾਗ ਮ: 1, ਪੰਨਾ 25)

ਸੁਰਤਿ ਥਰਮਾਮੀਟਰ ਦੇ ਪਾਰੇ ਦੀ ਨਿਆਈ ਹੈ ਜੋ ਤਾਪਮਾਨ ਦੇ ਵਧਣ ਘਟਣ ਨਾਲ ਬਦਲਦਾ ਰਹਿੰਦਾ ਹੈ। ਰੰਗ ਰਲੀਆਂ ਵਿਚ ਸੁਰਤਿ ਆਪਣਾ ਤਵਾਜ਼ਨ ਖੋ ਬੈਠਦੀ ਹੈ। ਕਰਮ ਅਤੇ ਧਰਮ ਦੇ ਅਮਲ ਵਿਚ ਵਿਗਾੜ ਪੈ ਜਾਣ ਤੇ ਵੀ ਸੁਰਤਿ ਡੋਲ ਜਾਂਦੀ ਹੈ ਜਿਵੇਂ ਹੇਠਲੀਆਂ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ :

ਸਾਹਾਂ ਸੁਰਤਿ ਗਵਾਈਆ ਰੰਗ ਤਮਾਸੈ ਚਾਇ।

(ਆਸਾ ਮ: 1, ਪੰਨਾ 417)

ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ।

(ਆਸਾ ਮ: 1, ਪੰਨਾ 437)

ਮਾਇਆ ਦੇ ਪ੍ਰਭਾਵ ਹੇਠ ਵੀ ਸੁਰਤਿ ਆਪਣਾ ਸਮਤੋਲ ਗਵਾ ਬੈਠਦੀ ਹੈ :

ਮਿਲਿ ਮਾਇਆ ਸੁਰਤਿ ਗਵਾਈ।

(ਮਾਰੂ ਮ: 1, ਪੰਨਾ 989)

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ।

(ਭੈਰਉ ਮ: 3, ਪੰਨਾ 1131)

ਕਦ ਹੀ ਸੁਰਤਿ ਨ ਲਧੀਆ ਮਾਇਆ ਮੋਹੜਿਆ।

(ਗਉੜੀ ਮ: 5, ਪੰਨਾ 217)

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਵੇਦ ਪਾਠ ਅਤੇ ਹੋਰ ਕਿਰਿਆ ਕਰਮ ਸੁਰਤਿ ਨੂੰ ਉਚੇਰੀ ਅਨੁਭਵੀ ਅਵਸਥਾ ਵਿਚ ਨਹੀਂ ਲੈ ਜਾ ਸਕਦੇ। ਸਬਦ ਦੀ ਕਮਾਈ ਅਤੇ ਨਾਮ ਸਿਮਰਨ ਹੀ ਸੁਰਤਿ ਨੂੰ ਹੁਲਾਰਾ ਦਿੰਦੇ ਹਨ:

ਸਿੰਮ੍ਰਿਤਿ ਸਾਸਤ੍ਰ ਪੜ੍ਹਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ।

(ਭੈਰਉ ਮ: 3, ਪੰਨਾ 1130)

ਨਾਮੈ ਸੁਰਤਿ ਸੁਨੀ ਮਨਿ ਭਾਈ।
ਜੋ ਨਾਮੁ ਸੁਨਾਵੈ ਸੋ ਮੇਰਾ ਮੀਤ ਸਖਾਈ।

(ਆਸਾ ਮ: 4, ਪੰਨਾ 367)

ਸੁਰਤਿ ਸਬਦ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ।

(ਮਾਰੂ ਸੋਲਹੇ ਮ: 5, ਪੰਨਾ 1074)

ਸਬਦ ਅਤੇ ਸੁਰਤਿ ਦੇ ਸੰਬੰਧ ਦੀ ਚਰਚਾ ਗੁਰਬਾਣੀ ਵਿਚ ਕਈ ਵਾਰ ਹੋਈ ਹੈ। ਸਿੱਧ ਗੋਸਟਿ ਵਿਚ ਸ਼ਬਦ ਨੂੰ ਗੁਰੂ ਅਤੇ ਸੁਰਤਿ ਨੂੰ ਚੇਲਾ ਦੱਸਿਆ ਗਿਆ ਹੈ। ਇਹ ਗੁਰੂ ਨਾਨਕ ਸਾਹਿਬ ਦਾ ਸਿੱਧਾਂ ਦੇ ਸਵਾਲ ਦੇ ਉਤਰ ਵਿਚ ਕੀਤਾ ਸਪਸ਼ਟ ਫੁਰਮਾਨ ਹੈ :

ਸਿੱਧ :

ਕਵਣ ਮੂਲੁ ਕਵਣ ਮਤਿ ਵੇਲਾ।
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ।

(ਰਾਮਕਲੀ ਸਿਧ ਗੋਸਟਿ, ਪੰਨਾ 942)

ਗੁਰੂ ਨਾਨਕ :

ਪਵਨ ਅਰੰਭ ਸਤਿਗੁਰ ਮਤਿ ਵੇਲਾ।
ਸਬਦੁ ਗੁਰੂ ਸੁਰਤਿ ਧੁਨਿ ਚੇਲਾ।

(ਰਾਮਕਲੀ ਸਿਧ ਗੋਸਟਿ, ਪੰਨਾ 943)

ਸਬਦ ਅਤੇ ਸੁਰਤਿ ਬਾਰੇ ਹੋਰ ਸਬਦ ਵੀ ਮਿਲਦੇ ਹਨ ਅਤੇ ਦੋਹਾਂ ਦੇ ਅੰਤਰ-ਸੰਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ :

ਖਟੁ ਮਟੁ ਦੇਹੀ ਮਨੁ ਬੈਰਾਗੀ।
ਸੁਰਤਿ ਸਬਦਿ ਧੁਨਿ ਅੰਤਰਿ ਜਾਗੀ।

(ਰਾਮਕਲੀ ਮਃ 1, ਪੰਨਾ 903)

ਸਬਦ ਅਤੇ ਸੁਰਤਿ ਦੇ ਸੁਮੇਲ ਤੋਂ ਬਗੈਰ ਜੀਵ ਆਤਮਾ ਭਟਕਦੀ ਰਹਿੰਦੀ ਹੈ ਅਤੇ ਜਨਮ-ਮਰਨ ਦੇ ਚੱਕਰ ਵਿਚ ਗੇੜੇ ਮਾਰਦੀ ਚਉਰਾਸੀਹ ਦਾ ਸੰਤਾਪ ਭੁਗਤਦੀ ਹੈ :

ਸਬਦ ਸੁਰਤਿ ਬਿਨੁ ਆਵੈ ਜਾਵੈ ਪਤਿ ਖੋਈ ਆਵਤ ਜਾਤਾ ਹੇ।

(ਮਾਰੂ ਸੋਲਹੇ ਮਃ 1, ਪੰਨਾ 1031)

ਸਬਦ ਸੁਰਤਿ ਬਿਨੁ ਆਈਐ ਜਾਈਐ।

(ਮਾਰੂ ਸੋਲਹੇ ਮਃ 1, ਪੰਨਾ 1042)

ਸੁਰਤਿ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਸਾਧ ਸੰਗਤ ਅਤੇ ਗੁਰੂ ਨਾਲ ਪਿਆਰ ਜਰੂਰੀ ਦੱਸਿਆ ਗਿਆ ਹੈ :

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ।

(ਮਲਾਰ ਮਃ 1, ਪੰਨਾ 1256)

ਸੁਰਤਿ ਨੂੰ ਹੁਲਾਰਾ ਦੇਣ ਲਈ ਬਾਣੀ ਅਤੇ ਸਬਦ ਗੁਰੂ ਦੀ ਲੋੜ ਹੁੰਦੀ ਹੈ। ਜੋ ਪ੍ਰਾਣੀ ਇਹ ਓਟ ਆਸਰਾ ਖੋ ਬੈਠਦੇ ਹਨ ਉਹ ਮੁਕਤ ਨਹੀਂ ਹੋ ਸਕਦੇ :

ਗੁਰ ਬਿਨ ਸੁਰਤਿ ਨ ਸਿਧਿ ਗੁਰੂ ਬਿਨ ਮੁਕਤਿ ਨ ਪਾਵੈ।

(ਸਵਈਏ ਮਃ 4, ਪੰਨਾ 1399)

ਬਾਣੀ ਸੁਰਤਿ ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸ।

(ਸਲੋਕ ਵਾਰਾਂ ਤੇ ਵਧੀਕ ਮਃ 3, ਪੰਨਾ 1415)

ਗੁਰੂ ਅਮਰਦਾਸ ਜੀ ਤਾਂ ਉਪਦੇਸ਼ ਕਰਦੇ ਹਨ ਕਿ ਉਹ ਗੁਰਮੁਖ ਜਨ ਜਿਨ੍ਹਾਂ ਅੰਦਰ ਸੁਰਤਿ ਦਾ ਅਨੁਭਵੀ ਗਿਆਨ ਹੈ, ਕਦੇ ਬੁੱਢੇ ਨਹੀਂ ਹੁੰਦੇ :

ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨ।

(ਸਲੋਕ ਵਾਰਾਂ ਤੇ ਵਧੀਕ ਮਃ 3, ਪੰਨਾ 1418)

# 15.

## ਗੁਰਬਾਣੀ ਵਿਚ ਪੜ੍ਹਿਆ ਤੋਂ ਕੀ ਭਾਵ ਹੈ ?

ਗੁਰੂ ਗ੍ਰੰਥ ਸਾਹਿਬ ਵਿਚ ਪੜ੍ਹਿਆ ਉਸ ਨੂੰ ਕਿਹਾ ਗਿਆ ਹੈ ਜੋ ਸਬਦ ਦੀ ਵਿਚਾਰ ਦੁਆਰਾ ਪਰਮਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਪੜ੍ਹਣ ਨਾਲੋਂ ਬੁੱਝਣ ਨੂੰ ਵਧੇਰੇ ਮਹੱਤਤਾ ਦਿੱਤੀ ਗਈ ਹੈ। ਗੁਰੂ ਸਾਹਿਬਾਂ ਨੇ ਪੜ੍ਹਿਆ-ਅਣਪੜ੍ਹਿਆ ਅਧਿਆਤਮਕ ਪੱਖ ਤੋਂ ਬਰਾਬਰ ਮੰਨੇ ਹਨ :

ਪੜਿਆ ਅਣਪੜਿਆ ਪਰਮ ਗਤਿ ਪਾਵੈ।

(ਗਉੜੀ ਮ: 5, ਪੰਨਾ 197)

ਪੜ੍ਹਿਆ ਹੋਇਆਂ ਵਿਚ ਪੰਡਿਤ ਅਤੇ ਕਾਜ਼ੀ ਹੀ ਆਉਂਦੇ ਸਨ ਜਿਸ ਕਰਕੇ ਗੁਰੂ ਸਾਹਿਬ ਪੜ੍ਹਿਆਂ ਉਪਰ ਕਟਾਖਸ਼ ਭੀ ਕਰਦੇ ਹਨ :

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ।

(ਮਾਝ ਮ: 3, ਪੰਨਾ 140)

ਪੜ੍ਹਿਆ ਉਹ ਹੈ ਜੋ ਗੁਰ ਸਬਦ ਦੀ ਵਿਚਾਰ ਦੁਆਰਾ ਅਪਣਾ ਜੀਵਨ ਸੁਆਰਦਾ ਹੈ ਅਤੇ ਅਣਪੜ੍ਹਿਆਂ ਨੂੰ ਨਫਰਤ ਨਹੀਂ ਕਰਦਾ:

ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ।

(ਸੋਰਠ ਮ: 3, ਪੰਨਾ 650)

ਪੜਿਆ ਹੋਵੇ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ।

(ਆਸਾ ਮ: 1, ਪੰਨਾ 469)

ਗੁਰਬਾਣੀ ਵਿਚ ਚੁੰਚ ਗਿਆਨੀਆਂ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਪੜ੍ਹਣ ਤੋਂ ਬਾਅਦ ਉਸ ਉਪਰ ਅਮਲ ਕਰਨਾ ਲਾਜ਼ਮੀ ਹੈ ਜੋ ਬੁੱਝਣ ਤੋਂ ਬਾਅਦ ਹੀ ਹੋ ਸਕਦਾ ਹੈ। ਇਸ ਕਰਕੇ ਹੀ ਗੁਰੂ ਨਾਨਕ ਕਹਿੰਦੇ ਹਨ :

ਪੜਿਆ ਬੂਝੈ ਸੋ ਪਰਵਾਣੁ।
ਜਿਸੁ ਸਿਰਿ ਦਰਗਹ ਕਾ ਨੀਸਾਣੁ।

(ਧਨਾਸਰੀ ਮ: 1, ਪੰਨਾ 662)

ਆਮ ਦੁਨੀਆਂ ਲਈ ਪੜ੍ਹਿਆ ਉਹ ਮਨੁੱਖ ਹੈ ਜਿਸ ਪਾਸ ਦੁਨਿਆਵੀ ਵਿਦਿਆ ਦੀਆਂ ਡਿਗਰੀਆਂ ਹੋਣ। ਇਸ ਵਿਦਿਆ ਵਿਚ ਧਾਰਮਿਕ ਅਤੇ ਅਧਿਆਤਮਕ ਪੱਖ ਮਨਫ਼ੀ ਹੁੰਦਾ ਹੈ। ਪਦਾਰਥਕ ਜਗਤ ਦਾ ਗਿਆਨ ਹੀ ਪੜ੍ਹਾਇਆ ਜਾਂਦਾ ਹੈ ਜਿਸ ਨਾਲ ਰੋਜ਼ੀ ਰੋਟੀ ਦਾ ਪ੍ਰਬੰਧ ਹੋ ਜਾਂਦਾ ਹੈ। ਗੁਰਬਾਣੀ ਵਿਚ ਪੜ੍ਹਿਆ ਉਹ ਹੈ ਜਿਸ ਪਾਸ ਨਾਮ ਦਾ ਖਜਾਨਾ ਹੋਵੇ ਅਤੇ ਅਨੁਭਵੀ ਗਿਆਨ ਦੀ ਰਾਸ ਹੋਵੇ।

ਸੋ ਪੜਿਆ ਸੋ ਪੰਡਿਤੁ ਬੀਨਾ ਜਿਨੀ ਕਮਾਣਾ ਨਾਉ।

(ਮਲਾਰ ਮ: 1, ਪੰਨਾ 1288)

ਨਾਨਕ ਸੋ ਪੜ੍ਹਿਆ ਸੋ ਪੰਡਿਤੁ ਬੀਨਾ ਜਿਸੁ ਰਾਮ ਨਾਮੁ ਗਲਿ ਹਾਰੁ।

(ਰਾਮਕਲੀ ਮ: 1, ਪੰਨਾ 938)

ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰ।

(ਮਾਝ ਮ: 1, ਪੰਨਾ 140)

ਜੇਕਰ ਪੜ੍ਹਿਆ ਹੋਇਆ ਮਨੁੱਖ ਉਪਰ ਦੱਸੀ ਅਵਸਥਾ ਦਾ ਧਾਰਨੀ ਨਹੀਂ ਬਣਦਾ ਤਾਂ ਉਸਦੀ ਵਿਦਿਆ ਪ੍ਰਾਪਤੀ ਵਿਅਰਥ ਜਾਂਦੀ ਹੈ :

ਪੜ੍ਹੀਐ ਗੁਣੀਐ ਕਿਆ ਕਥੀਐ ਜਾ ਮੁੰਢਹੁ ਘੁਥਾ ਜਾਇ।

(ਸਿਰੀ ਰਾਗ ਮ: 3, ਪੰਨਾ 68)

ਭਗਤ ਕਬੀਰ ਜੀ ਵੀ ਪੜ੍ਹਿਆਂ ਹੋਇਆਂ ਬਾਰੇ ਕਟਾਖਸ਼ ਕਰਦੇ ਹਨ। ਜੇਕਰ 'ਸਹਿਜ' ਦੀ ਪ੍ਰਾਪਤੀ ਨਹੀਂ ਹੋਈ ਤਾਂ ਵੇਦਾਂ ਅਤੇ ਪੁਰਾਣਾਂ ਦੀ ਵਿਦਿਆ ਕਿਸ ਕੰਮ ? ਪ੍ਰੰਤੂ ਉਹ ਆਪਣੀ ਰਾਏ ਪੇਸ਼ ਕਰਦੇ ਹਨ ਕਿ ਮਨ ਨੂੰ ਧਰਵਾਸ ਦੇਣ ਲਈ ਥੋੜੀ ਬਹੁਤ ਗਿਆਨ ਪ੍ਰਾਪਤੀ ਜਰੂਰੀ ਹੈ :

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।

(ਗਉੜੀ ਭਗਤ ਕਬੀਰ, ਪੰਨਾ 340)

ਕਿਆ ਪੜੀਐ ਕਿਆ ਗੁਨੀਐ। ਕਿਆ ਬੇਦ ਪੁਰਾਨਾਂ ਸੁਨੀਐ।
ਪੜੇ ਸੁਨੇ ਕਿਆ ਹੋਈ। ਜਉ ਸਹਜ ਨ ਮਿਲਿਓ ਸੋਈ।

(ਸੋਰਠ ਭਗਤ ਕਬੀਰ, ਪੰਨਾ 655)

ਗੁਰੂ ਅੰਗਦ ਦੇਵ ਜੀ ਆਪਣੀ ਬਾਣੀ ਵਿਚ ਉਪਦੇਸ਼ ਦਿੰਦੇ ਹਨ ਕਿ ਪੜ੍ਹਿਆਂ ਪਾਸ ਬੈਠਣ ਦਾ ਬਹੁਤ ਫਾਇਦਾ ਹੋ ਸਕਦਾ ਹੈ ਕਿਉਂਕਿ ਪੜ੍ਹਿਆਂ ਦੀ ਸੰਗਤ ਵਿਚ ਪਾਪ ਅਤੇ ਪੁੰਨ ਦਾ ਨਿਖੇੜਾ ਹੋ ਜਾਂਦਾ ਹੈ ਅਤੇ ਚੰਗੇ ਮਾੜੇ ਦੀ ਪਹਿਚਾਣ ਹੋ ਜਾਂਦੀ ਹੈ :

ਸਤੀ ਪਹਿਰੀ ਸਤੁ ਭਲਾ ਬਹੀਐ ਪੜਿਆ ਪਾਸਿ।
ਓਥੈ ਪਾਪੁ ਪੁੰਨੁ ਬੀਚਾਰੀਐ ਕੂੜੈ ਘਟੈ ਰਾਸਿ।

(ਮਾਝ ਮ: 2, ਪੰਨਾ 146)

✵✵✵

# 16.

# ਗੁਰੂ ਗ੍ਰੰਥ ਸਾਹਿਬ ਵਿਚ ਵੇਦਾਂ ਬਾਰੇ ਵਿਚਾਰ

ਗੁਰੂ ਗ੍ਰੰਥ ਸਾਹਿਬ ਵਿਚ ਵੇਦਾਂ ਬਾਰੇ ਜ਼ਿਕਰ ਮਿਲਦਾ ਹੈ ਅਤੇ ਇਹ ਪਦ ਤਿੰਨ ਰੂਪਾਂ (ਵੇਦ, ਵੇਦੁ, ਵੇਦਾ) ਵਿਚ 40 ਵਾਰ ਵਰਤਿਆ ਗਿਆ ਹੈ। ਹਿੰਦੂ ਧਰਮ ਵਿਚ ਚਾਰ ਵੇਦ ਬਹੁਤ ਹੀ ਮਹੱਤਵ ਰੱਖਦੇ ਹਨ। ਕਿਹਾ ਜਾਂਦਾ ਹੈ ਕਿ ਰਿਗ ਵੇਦ ਦੁਨੀਆਂ ਦੀ ਸਭ ਤੋਂ ਪਹਿਲੀ ਧਾਰਮਿਕ ਪੁਸਤਕ ਹੈ। ਗੁਰਬਾਣੀ ਵਿਚ ਵੇਦਾਂ ਬਾਰੇ ਚਰਚਾ ਹੋਈ ਹੈ ਅਤੇ ਦੱਸਿਆ ਗਿਆ ਹੈ ਕਿ ਚਾਰੇ ਵੇਦ ਬ੍ਰਹਮਾ ਦੁਆਰਾ ਰਚੇ ਗਏ ਹਨ :

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ।
ਤਾ ਕਾ ਹੁਕਮੁ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ।

(ਆਸਾ ਮ: 3, ਪੰਨਾ 423)

ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ।

(ਆਸਾ ਮ: 1, ਪੰਨਾ 432)

ਬ੍ਰਹਮਾ ਮੂਲੁ ਵੇਦ ਅਭਿਆਸਾ। ਤਿਸ ਤੇ ਉਪਜੇ ਦੇਵ ਮੋਹ ਪਿਆਸਾ।

(ਗਉੜੀ ਮ: 3, ਪੰਨਾ 230)

ਪਹਿਲੀ ਅਤੇ ਤੀਸਰੀ ਤੁਕ ਵਿਚ ਗੁਰੂ ਅਮਰਦਾਸ ਬ੍ਰਹਮਾ ਨੂੰ ਵੇਦਾਂ ਦਾ ਰਚੇਤਾ ਅਤੇ ਅਧਿਕਾਰੀ ਮੰਨਦੇ ਹਨ ਪ੍ਰੰਤੂ ਇਹ ਵੀ ਸਪਸ਼ਟ ਕਰ ਦਿੰਦੇ ਹਨ ਕਿ ਵਿਚਾਰਾ ਬ੍ਰਹਮਾ ਸੁਰਗ ਅਤੇ ਨਰਕ ਦੀ ਚੌਧਰ ਵਿਚ ਹੀ ਘੁੰਮਦਾ ਰਹਿੰਦਾ ਹੈ ਅਤੇ ਪ੍ਰਭੂ ਦਾ ਹੁਕਮ ਨਹੀਂ ਬੁੱਝਦਾ। ਦੇਵਤਿਆਂ ਦੀ ਸ਼੍ਰੈਣੀ ਵਿਚ ਬ੍ਰਹਮਾ ਸਰਵੋਤਮ ਹੈ ਪਰੰਤੂ ਉਹ ਤੁਰੀਆ ਅਵਸਥਾ ਦਾ ਧਾਰਣੀ ਨਹੀਂ ਬਣਿਆ ਅਤੇ ਜਨਮ-ਮਰਨ ਦੇ ਗੇੜ ਵਿਚ ਰਹਿੰਦਾ ਹੈ।

ਮਾਰੂ ਸੋਲਹੇ ਵਿਚ ਗੁਰੂ ਨਾਨਕ ਚਾਰ ਵੇਦਾਂ ਦਾ ਜ਼ਿਕਰ ਕਰਦੇ ਹਨ ਜੋ ਬ੍ਰਹਮਾ ਦੇ ਮੁੱਖ ਤੋਂ ਉਚਾਰਣ ਕੀਤੇ ਗਏ। ਇਹ ਚਾਰੇ ਵੇਦ ਤ੍ਰੈ ਗੁਣੀ ਮਾਇਆ ਦੀ ਗੱਲ ਤਾਂ ਕਰਦੇ ਹਨ ਪਰੰਤੂ ਪ੍ਰਭੂ ਦੀ ਕੀਮਤ ਨਹੀਂ ਪਾ ਸਕਦੇ :

ਸਾਮ ਵੇਦੁ ਰਿਗੁ ਜੁਜਰੁ ਅਥਰਬਣੁ।
ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ।
ਤਾ ਕੀ ਕੀਮਤ ਕਹਿ ਨ ਸਕੈ ਕੋ ਤਿਉ ਬੋਲੇ ਜਿਉ ਬੋਲਾਇਦਾ।

(ਮਾਰੂ ਸੋਲਹੇ ਮ: 1, ਪੰਨਾ 1038)

ਇਕ ਹੋਰ ਦੋਸ਼ ਜੋ ਵੇਦਾਚਾਰੀਆ ਬ੍ਰਹਮਾ ਅਤੇ ਪੰਡਿਤਾਂ ਉਪਰ ਲਗਾਇਆ ਗਿਆ ਹੈ, ਉਸ ਅਨੁਸਾਰ ਵੇਦਾਂ ਦੇ ਪਠਨ-ਪਾਠਨ ਤੋਂ ਵਾਦ-ਵਿਵਾਦ ਪੈਦਾ ਹੋਇਆ ਹੈ ਜੋ ਸਮਾਜ ਲਈ ਹਾਨੀਕਾਰਕ ਸਿੱਧ ਹੁੰਦਾ ਹੈ :

ਬ੍ਰਹਮਾ ਵੇਦ ਪੜੈ ਵਾਦੁ ਵਖਾਣੈ

(ਗਉੜੀ ਮ: 3, ਪੰਨਾ 231)

ਵੇਦ ਪੜਹਿ ਤੈ ਵਾਦ ਵਖਾਣਹਿ ਬਿਨੁ ਹਰਿ ਪਤਿ ਗਵਾਈ।

(ਸੋਰਠ ਮ: 3, ਪੰਨਾ 638)

ਵੇਦ ਪੜੈ ਪੜਿ ਵਾਦੁ ਵਖਾਣੈ ਬ੍ਰਹਮਾ ਬਿਸਨੁ ਮਹੇਸਾ।

(ਮਲਾਰ ਮ: 3, ਪੰਨਾ 1257)

ਵੇਦਾਂ ਦੀ ਸੀਮਾ ਬਾਰੇ ਵੀ ਗੁਰਬਾਣੀ ਵਿਚ ਜ਼ਿਕਰ ਮਿਲਦਾ ਹੈ :

ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।

(ਜਪੁਜੀ, ਪੰਨਾ 5)

ਵੇਦ ਕਹਹਿ ਵਖਿਆਣ ਅੰਤੁ ਨ ਪਾਵਣਾ।
ਪੜਿਐ ਨਾਹੀ ਭੇਦੁ ਬੁਝਿਐ ਪਾਵਣਾ।

(ਮਾਝ ਮ: 1, ਪੰਨਾ 148)

ਸੋ ਸਪਸ਼ਟ ਹੈ ਕਿ ਵੇਦ ਸਤਿ ਦੀ ਖੋਜ ਬਾਰੇ ਇਕ ਮੱਤ ਨਹੀਂ ਹਨ। ਇਹ ਪ੍ਰਭੂ ਦੀ ਹੋਂਦ ਅਤੇ ਹਸਤੀ ਦਾ ਜ਼ਿਕਰ ਤਾਂ ਕਰਦੇ ਹਨ ਪਰੰਤੂ ਉਸਦੇ ਰਹੱਸ ਨੂੰ ਸਮਝਣ ਤੋਂ ਅਸਮਰੱਥ ਹਨ।

ਵੇਦਾਂ ਦੀ ਸਿਫ਼ਤ ਸਲਾਹ ਅਤੇ ਚੰਗੀ ਸਿੱਖਿਆ ਬਾਰੇ ਵੀ ਗੁਰਬਾਣੀ ਵਿਚ ਫੁਰਮਾਨ ਮਿਲਦਾ ਹੈ। ਵੇਦਾਂ ਵਿਚ 'ਨਾਮ' ਬਾਰੇ ਵੀ ਦੱਸਿਆ ਗਿਆ ਹੈ ਪ੍ਰੰਤੂ ਵੇਦਾਚਾਰੀਆ ਉਸ ਨੂੰ ਗੌਲਦੇ ਨਹੀਂ ਅਤੇ ਭੰਬਲਭੂਸੇ ਵਿਚ ਪਏ ਭਟਕਦੇ ਰਹਿੰਦੇ ਹਨ।

ਹਰਿ ਜੀਉ ਅਹੰਕਾਰ ਨ ਭਾਵਈ ਵੇਦ ਕੂਕ ਸੁਣਾਵਹਿ।

(ਮਾਰੂ ਮ: 3, ਪੰਨਾ 1089)

ਮਨਹਠਿ ਕਿਨੈ ਨ ਪਾਇਓ ਪੁਛਹੁ ਵੇਦਾ ਜਾਇ।

(ਸਿਰੀ ਰਾਗ ਮ: 4, ਪੰਨਾ 86)

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ।

(ਰਾਮਕਲੀ ਮ: 3, ਪੰਨਾ 919)

✵✵✵

# 17.

## ਗੁਰੂ ਗ੍ਰੰਥ ਸਾਹਿਬ ਵਿਚ ਸਾਮੀ ਗ੍ਰੰਥਾਂ ਦਾ ਹਵਾਲਾ

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਗ੍ਰੰਥਾਂ, ਜਿਵੇਂ ਕਿ ਵੇਦ, ਪੁਰਾਣ, ਸ਼ਾਸਤਰ ਅਤੇ ਸਿਮਰਤੀਆਂ ਦਾ ਜ਼ਿਕਰ ਮਿਲਦਾ ਹੈ। ਸਾਮੀ ਗ੍ਰੰਥਾਂ ਵਿਚ ਕੁਰਾਣ, ਬਾਈਬਲ ਅਤੇ ਤੋਰਾਹ (ਤੌਰੇਤ) ਸ਼ਾਮਲ ਹਨ ਜੋ ਇਸਲਾਮ, ਈਸਾਈਅਤ ਅਤੇ ਯਹੂਦੀ ਧਰਮਾਂ ਦੇ ਗ੍ਰੰਥ ਹਨ। ਕੁਰਾਣ ਦਾ ਜ਼ਿਕਰ ਵਧੇਰੇ ਮਿਲਦਾ ਹੈ ਕਿਉਂਕਿ ਗੁਰੂ ਸਾਹਿਬ ਦੇ ਸਮੇਂ ਇਸਲਾਮ ਦਾ ਪੰਜਾਬ ਵਿਚ ਬੋਲਬਾਲਾ ਸੀ ਅਤੇ ਰਾਜਸੀ ਤਾਕਤ ਮੁਗ਼ਲ ਬਾਦਸ਼ਾਹਾਂ ਦੇ ਕੋਲ ਸੀ। ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਅਤੇ ਮੁਸਲਿਮ ਸਮਾਜ ਦੇ ਆਪਸੀ ਸੰਬੰਧਾਂ ਦਾ ਜ਼ਿਕਰ ਵੀ ਭਲੀਭਾਂਤ ਮਿਲਦਾ ਹੈ। ਪਰੰਤੂ ਈਸਾਈ ਧਰਮ ਅਤੇ ਯਹੂਦੀਆਂ ਬਾਰੇ ਕੋਈ ਚਰਚਾ ਨਹੀਂ ਮਿਲਦੀ। ਇਸ ਦਾ ਇਹ ਮਤਲਬ ਨਹੀਂ ਕਿ ਉਨ੍ਹਾਂ ਬਾਰੇ ਸਿੱਖ ਗੁਰੂਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਸਾਮੀ ਗ੍ਰੰਥਾਂ ਦਾ ਜੋ ਹਵਾਲਾ ਮਿਲਦਾ ਹੈ ਉਸ ਵਿਚ ਇਨ੍ਹਾਂ ਧਰਮਾਂ ਦੇ ਗ੍ਰੰਥ ਵੀ ਸ਼ਾਮਲ ਹਨ। ਗੁਰੂ ਗ੍ਰੰਥ ਸਾਹਿਬ ਇਨ੍ਹਾਂ ਗ੍ਰੰਥਾਂ ਲਈ ਸਾਂਝੇ ਤੌਰ ਤੇ ਜੋ ਪਦ ਵਰਤਦੇ ਹਨ, ਉਹ 'ਕਤੇਬ' ਹੈ, ਅਤੇ ਇਸ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਕਈ ਵਾਰ ਹੋਈ ਹੈ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ।

(ਤਿਲੰਗ ਭਗਤ ਕਬੀਰ, ਪੰਨਾ 727)

ਬੇਦ ਕਤੇਬ ਸਿਮ੍ਰਿਤਿ ਸਭ ਸਾਸਤ ਇਨ ਪੜਿਆ ਮੁਕਤਿ ਨ ਹੋਈ।

(ਸੂਹੀ ਮਃ 5, ਪੰਨਾ 747)

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ।

(ਪ੍ਰਭਾਤੀ ਭਗਤ ਕਬੀਰ, ਪੰਨਾ 1350)

ਕੋਈ ਪੜੈ ਬੇਦ ਕੋਈ ਕਤੇਬ। ਕੋਈ ਓਢੈ ਨੀਲ ਕੋਈ ਸੁਪੇਦ।
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ। ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ।
ਕਹੁ ਨਾਨਕ ਜਿਨਿ ਹੁਕਮੁ ਪਛਾਤਾ। ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।

(ਰਾਮਕਲੀ ਮਃ 5, ਪੰਨਾ 885)

ਉਪਰਲੀਆਂ ਤੁਕਾਂ ਵਿਚ ਭਗਤ ਕਬੀਰ ਅਤੇ ਗੁਰੂ ਅਰਜਨ ਦੇਵ ਜੀ ਬੇਦ ਕਤੇਬ ਦੀ ਸਾਂਝੀ ਗੱਲ ਕਰਦੇ ਹਨ। ਬੇਦ ਕਤੇਬ ਪੜ੍ਹਣ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ। ਇਨ੍ਹਾਂ ਦੀ ਸਿਖਿਆ ਉਪਰ ਚੱਲਣ ਨਾਲ ਜੀਵਨ ਵਿਚ ਪ੍ਰੀਵਰਤਨ ਹੋਵੇਗਾ ਜੋ ਕਿ ਵਿਚਾਰ ਕਰਨ ਤੋਂ ਪ੍ਰਾਪਤ ਹੁੰਦਾ ਹੈ। ਗੁਰੂ ਨਾਨਕ ਦੇਵ ਦੋਹਾਂ ਧਰਮਾਂ ਦੀ ਗੱਲ ਕਰਦੇ ਹਨ ਅਤੇ ਕਿਸੇ ਨੂੰ ਚੰਗਾ ਜਾਂ ਮਾੜਾ ਨਹੀਂ ਕਹਿੰਦੇ। ਬਲਕਿ ਸਾਂਝਾ ਉਪਦੇਸ਼ ਦਿੰਦੇ ਹਨ ਕਿ ਰੱਬੀ ਹੁਕਮ ਦੀ ਪਹਿਚਾਣ ਤੋਂ ਬਾਅਦ ਹੀ ਪ੍ਰਭੂ ਮਿਲਾਪ ਹੋ ਸਕਦਾ ਹੈ। ਇਸ ਕਰਕੇ ਹੀ ਗੁਰੂ ਗ੍ਰੰਥ ਸਾਹਿਬ ਨੂੰ ਸਰਬ ਸਾਂਝਾ ਅਤੇ ਵਿਸ਼ਵ ਕਲਿਆਣਕਾਰੀ ਧਾਰਮਿਕ ਗ੍ਰੰਥ ਕਿਹਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਕੁਰਾਣ' ਬਾਰੇ ਅਲਹਿਦਾ ਵੀ ਜ਼ਿਕਰ ਮਿਲਦਾ ਹੈ :

ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।

(ਜਪੁਜੀ, ਪੰਨਾ 4)

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣ।

(ਮਾਝ ਮ: 1, ਪੰਨਾ 140)

ਇਸੇ ਤਰ੍ਹਾਂ ਹੀ 'ਮੁਸਲਮਾਣ' ਪਦ ਦੀ ਵਰਤੋਂ ਵੀ ਮਿਲਦੀ ਹੈ ਜਦਕਿ ਈਸਾਈ ਅਤੇ ਯਹੂਦੀ ਪਦ ਕਿਧਰੇ ਵੀ ਨਹੀਂ ਵਰਤੇ ਗਏ। 'ਮੁਸਲਮਾਣ' ਦੀ ਸਹੀ ਪ੍ਰੀਭਾਸ਼ਾ ਗੁਰੂ ਗ੍ਰੰਥ ਸਾਹਿਬ ਵਿਚ ਹੀ ਮਿਲਦੀ ਹੈ :

ਸਰਮ ਸੁੰਨਤਿ ਸੀਲ ਰੋਜਾ ਹੋਹੁ ਮੁਸਲਮਾਣੁ।

(ਮਾਝ ਮ: 1, ਪੰਨਾ 140)

ਮੁਸਲਮਾਣੁ ਮੋਮ ਦਿਲਿ ਹੋਵੈ। ਅੰਤਰ ਕੀ ਮਲੁ ਦਿਲ ਤੇ ਧੋਵੈ।

(ਮਾਰੂ ਸੋਲਹੇ ਮ: 5, ਪੰਨਾ 1084)

ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।

(ਮਾਝ ਮ: 1, ਪੰਨਾ 140)

'ਕਤੇਬ' ਦੀ ਵਰਤੋਂ ਕੇਵਲ 'ਕੁਰਾਣ' ਲਈ ਵੀ ਹੋਈ ਹੈ ਜੋ ਕਿ ਹੇਠਲੀਆਂ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ :

ਮੁਸਲਮਾਨੀਆਂ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।

(ਤਿਲੰਗ ਮ: 1, ਪੰਨਾ 722)

ਕਾਜੀ ਤੈ ਕਵਨ ਕਤੇਬ ਬਖਾਨੀ।

(ਆਸਾ ਭਗਤ ਕਬੀਰ, ਪੰਨਾ 477)

ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।

(ਆਸਾ ਮ: 1, ਪੰਨਾ 471)

ਸਰਬ-ਸਾਂਝੀਵਾਲਤਾ ਦੀ ਇਕ ਹੋਰ ਉਦਾਹਰਣ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਮਿਲਦੀ ਹੈ। ਹਿੰਦੂ ਅਤੇ ਮੁਸਲਿਮ ਆਪਸ ਵਿਚ ਝਗੜਦੇ ਸਨ ਅਤੇ ਆਪੋ ਆਪਣੇ ਇਸ਼ਟ ਨੂੰ ਦੂਜੇ ਤੋਂ ਮਹਾਨ ਸਮਝਦੇ ਸਨ। ਮੁਸਲਿਮ ਹਿੰਦੂ ਨੂੰ ਕਾਫ਼ਿਰ ਦੱਸਦੇ ਸਨ। ਗੁਰੂ ਸਾਹਿਬ ਇਸ ਬਖੇੜੇ ਵਿਚ ਨਹੀਂ ਪੈਂਦੇ ਅਤੇ ਕੁਰਾਨ ਕਤੇਬ ਤੋਂ ਪਵਿੱਤਰ ਉਸ ਪਾਰਬ੍ਰਹਮ ਦੀ ਗੱਲ ਕਰਦੇ ਹਨ :

ਦਿਲਾ ਕਾ ਮਾਲਕੁ ਕਰੇ ਹਾਕੁ। ਕੁਰਾਨ ਕਤੇਬ ਤੇ ਪਾਕ।

------------------------------------------------

ਕਹੁ ਨਾਨਕ ਗੁਰਿ ਖੋਏ ਭਰਮ। ਏਕੋ ਅਲਹੁ ਪਾਰਬ੍ਰਹਮ।

(ਰਾਮਕਲੀ ਮ: 5, ਪੰਨਾ 897)

ਗੁਰੂ ਨਾਨਕ ਸਾਹਿਬ ਬੇਦ ਅਤੇ ਕਤੇਬ ਦੀ ਅਲੋਚਨਾ ਵੀ ਕਰਦੇ ਹਨ :

ਬੇਦ ਕਤੇਬੀ ਭੇਦੁ ਨ ਜਾਤਾ।

(ਮਾਰੂ ਸੋਲਹੇ ਮ: 1, ਪੰਨਾ 1021)

ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ।

(ਭੈਰਉ ਮ: 1, ਪੰਨਾ 1153)

ਸਾਮੀ ਗ੍ਰੰਥਾਂ ਵਿਚ ਮੀਟ-ਮਾਸ ਖਾਣ ਦੀ ਕੋਈ ਮਨਾਹੀ ਨਹੀਂ। ਗੁਰੂ ਨਾਨਕ ਸਾਹਿਬ ਤਾਂ ਕਹਿ ਰਹੇ ਹਨ ਕਿ ਹਿੰਦੂ ਗ੍ਰੰਥ 'ਪੁਰਾਣਾਂ' ਵਿਚ ਵੀ ਐਸੀ ਕੋਈ ਮਨਾਹੀ ਨਹੀਂ :

ਮਾਸੁ ਪੁਰਾਣੀ ਮਾਸੁ ਕਤੇਬੀ ਚਹੁ ਜੁਗਿ ਮਾਸੁ ਕਮਾਣਾ।

(ਮਲਾਰ ਮਃ 1, ਪੰਨਾ 1290)

✵✵✵

# 18.

# ਨਦਰਿ ਅਤੇ ਕਰਮ ਦਾ ਸਿਧਾਂਤ

ਗੁਰਬਾਣੀ ਵਿਚ ਨਦਰ ਅਤੇ ਨਦਰੀ ਪਦ 114 ਵਾਰ ਆਉਂਦੇ ਹਨ। ਨਦਰ ਅਤੇ ਨਦਰੀ ਦੋ ਵੱਖ-ਵੱਖ ਭਾਵ-ਅਰਥਾਂ ਨੂੰ ਪ੍ਰਗਟ ਕਰਦਾ ਹੈ। 'ਨਦਰ' ਦਾ ਅਰਥ ਬਖਸ਼ਿਸ਼ ਜਾਂ ਮਿਹਰ ਹੈ ਅਤੇ 'ਨਦਰ' ਨਜ਼ਰ ਲਈ ਵੀ ਵਰਤਿਆ ਗਿਆ ਹੈ। ਆਮ ਪੰਜਾਬੀ ਮੁਹਾਵਰਾ ਹੈ : 'ਤੇਰੀ ਨਜ਼ਰ ਸਵੱਲੀ ਰਹੇ'। ਗੁਰਬਾਣੀ ਦੀ ਪੂਰੀ ਸਮਝ ਨਾ ਹੋਵੇ ਤਾਂ ਸਿੱਖ ਟਪਲਾ ਖਾ ਜਾਂਦਾ ਹੈ। ਕਈ ਵਾਰ ਨਦਰ ਅਤੇ ਨਦਰੀ ਇਕੱਠੇ ਵੀ ਵਰਤੇ ਗਏ ਹਨ, ਉਦਾਹਰਣ ਲਈ

ਨਾਨਕ ਨਦਰੀ ਨਦਰਿ ਨਿਹਾਲ।

(ਜਪੁਜੀ, ਪੰਨਾ 8)

ਗੁਰਬਾਣੀ ਵਿਚ 'ਕਰਮ' ਪਦ 389 ਵਾਰ ਅਤੇ 'ਕਰਮੀ' 33 ਵਾਰ ਆਇਆ ਹੈ। ਇਹ ਵੀ ਇਕ ਦੁਬਿਧਾ ਦਾ ਵਿਸ਼ਾ ਹੈ ਕਿਉਂਕਿ 'ਕਰਮ ਅਤੇ ਕਰਮੀ' ਸਾਡੇ ਕੰਮਾਂ ਅਤੇ ਕਿਸਮਤ ਲਈ ਕ੍ਰਮਵਾਰ ਵਰਤੇ ਗਏ ਹਨ। ਆਮ ਬੋਲਚਾਲ ਵਿਚ ਅਸੀਂ ਕਹਿੰਦੇ ਅਤੇ ਸੁਣਦੇ ਹਾਂ : 'ਉਹ ਮਾੜੇ ਕਰਮਾਂ ਦਾ ਫਲ ਭੁਗਤ ਰਿਹਾ ਹੈ'। ਜਾਂ ਨਸੀਹਤ ਲਈ ਕਿਹਾ ਜਾਂਦਾ ਹੈ : 'ਤੂੰ ਚੰਗੇ ਕਰਮ (ਕੰਮ) ਕਰਿਆ ਕਰ'। ਸੋ ਇਹ ਕਿਸੇ ਪਦ ਦੀ ਵਰਤੋਂ ਤੇ ਨਿਰਭਰ ਕਰਦਾ ਹੈ ਕਿ ਉਸਦਾ ਕੀ ਅਰਥ ਹੋਵੇਗਾ। ਹੈਰਾਨੀ ਦੀ ਗੱਲ ਹੈ ਕਿ 'ਕਰਮ' ਅਤੇ 'ਨਦਰ' ਸਮਾਨ-ਅਰਥਕ ਭਾਵਾਂ ਲਈ ਵੀ ਵਰਤੇ ਗਏ ਹਨ ਅਤੇ ਵੱਖ-ਵੱਖ ਭਾਵਾਂ ਲਈ ਵੀ। ਉਦਾਹਰਣ ਲਈ ਜਪੁਜੀ ਦੀ ਹੇਠਲੀ ਤੁਕ ਵਿਚ 'ਕਰਮੀ' ਅਤੇ 'ਨਦਰੀ' ਵੱਖ-ਵੱਖ ਭਾਵ ਪ੍ਰਗਟ ਕਰਦੇ ਹਨ :

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।

(ਜਪੁਜੀ, ਪੰਨਾ 2)

ਜਿਸ ਤੋਂ ਪ੍ਰਗਟ ਹੁੰਦਾ ਹੈ ਕਿ ਮਨੁੱਖ ਦਾ ਸਰੀਰ ਪਿਛਲੇ ਜਨਮ ਵਿਚ ਕੀਤੇ ਕਰਮਾਂ ਦਾ ਫਲ ਹੁੰਦਾ ਹੈ ਅਤੇ ਇਸ ਜਨਮ ਵਿਚ ਮੁਕਤੀ ਰੱਬੀ ਮਿਹਰ ਦਾ ਫਲ। ਜਪੁਜੀ ਦੀ ਇਕ ਹੋਰ ਤੁਕ ਵਿਚ 'ਨਦਰੀ' ਅਤੇ 'ਕਰਮੀ' ਸਮਾਨ-ਅਰਥਕ ਭਾਵਾਂ ਲਈ ਵਰਤੇ ਗਏ ਹਨ :

ਨਾਨਕ ਨਦਰੀ ਕਰਮੀ ਦਾਤਿ।

(ਜਪੁਜੀ, ਪੰਨਾ 5)

ਗੁਰੂ ਅਮਰਦਾਸ ਦੀ ਬਾਣੀ ਵਿਚੋਂ 'ਨਦਰ' ਅਤੇ 'ਕਰਮ' ਦੀ ਇਕ ਹੋਰ ਉਦਾਹਰਣ ਵਿਚਾਰਣ ਯੋਗ ਹੈ :

ਨਦਰੀ ਨਾਮੁ ਧਿਆਈਐ ਵਿਣੁ ਕਰਮਾ ਪਾਇਆ ਨ ਜਾਇ।

(ਸਿਰੀ ਰਾਗ ਮ: 3, ਪੰਨਾ 35)

ਸਰਸਰੀ ਨਜ਼ਰੇ ਵੇਖਿਆਂ ਇਸ ਤੁਕ ਦਾ ਅਰਥ ਇਉਂ ਜਾਪਦਾ ਹੈ ਕਿ ਗੁਰੂ ਜੀ ਉਪਦੇਸ਼ ਕਰ ਰਹੇ ਹਨ ਕਿ ਉਸ ਪ੍ਰਭੂ ਦੀ ਬਖਸ਼ਿਸ਼ ਨਾਲ 'ਨਾਮ' ਧਿਆਇਆ ਜਾ ਸਕਦਾ ਹੈ ਪ੍ਰੰਤੂ 'ਕਰਮਾਂ' ਅਰਥਾਤ ਭਾਗਾਂ ਤੋਂ ਬਿਨਾਂ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ ? ਇਸ ਉਲਝਣ ਦਾ ਹੱਲ ਪ੍ਰੋ. ਸਾਹਿਬ ਸਿੰਘ ਜੀ ਦੇ ਗੁਰੂ ਗ੍ਰੰਥ ਦਰਪਨ ਵਿਚ ਮਿਲ ਜਾਂਦਾ ਹੈ। ਦਰਅਸਲ, ਨਦਰ ਅਤੇ ਕਰਮ ਇਸ ਤੁਕ ਵਿਚ ਬਖਸ਼ਿਸ਼ ਜਾਂ ਮਿਹਰ ਲਈ ਵਰਤੇ ਗਏ ਹਨ।

ਗੁਰਬਾਣੀ ਵਿਚ ਕਰਮ ਪਦ, ਕਰਮ ਕਾਂਡ ਲਈ ਵੀ ਵਰਤਿਆ ਗਿਆ ਹੈ :

ਕਰਮ ਧਰਮ ਨੇਮ ਬ੍ਰਤ ਪੂਜਾ।
ਪਾਰਬ੍ਰਹਮ ਬਿਨੁ ਜਾਨੁ ਨ ਦੂਜਾ।

(ਗਉੜੀ ਮ: 5, ਪੰਨਾ 199)

ਕਰਮ ਧਰਮ ਪਾਖੰਡ ਜੋ ਦੀਸੈ ਦੀਸਹਿ ਤਿਨਿ ਜਮੁ ਜਾਗਾਤੀ ਲੂਟੈ।
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।

(ਸੂਹੀ ਮ: 5, ਪੰਨਾ 747)

'ਕਰਮ ਧਰਮ' ਇਕੱਠੇ 40 ਵਾਰ ਆਉਂਦੇ ਹਨ ਅਤੇ ਇਨ੍ਹਾਂ ਦੀ ਵਰਤੋਂ ਧਾਰਮਿਕ ਕਰਮਕਾਂਡ ਲਈ ਹੋਈ ਹੈ। ਗੁਰਮਤਿ ਕਰਮ ਕਾਂਡ ਨੂੰ ਪ੍ਰਵਾਨ ਨਹੀਂ ਕਰਦੀ ਅਤੇ ਇਸ ਨੂੰ ਹਲਕੇ ਪੱਧਰ ਦੀ ਕਿਰਿਆ ਕਹਿੰਦੀ ਹੈ ਜੋ ਪ੍ਰਭੂ ਦੇ ਦਰ ਤੇ ਪ੍ਰਵਾਨ ਨਹੀਂ ਹੈ। ਕੀਰਤਨ ਦੀ ਮਹਿਮਾ ਦਰਸਾਈ ਗਈ ਹੈ ਜੋ ਕਰਮ ਕਾਂਡ ਤੋਂ ਕਿਤੇ ਉਚੇਰੇ ਪੱਧਰ ਦੀ ਕਿਰਿਆ ਹੈ।

ਨਦਰ ਅਤੇ ਨਦਰੀ ਦਾ ਵੇਖਣ ਜਾਂ ਨਜ਼ਰ ਨਾਲ ਸੰਬੰਧ ਵੀ ਗੁਰਬਾਣੀ ਵਿਚ ਦਰਸਾਇਆ ਗਿਆ ਹੈ :

ਸਭੁ ਨਦਰੀ ਆਇਆ ਬ੍ਰਹਮ ਪਰਗਾਸਾ।

(ਗਉੜੀ ਮ: 5, ਪੰਨਾ 176)

ਕਹੁ ਨਾਨਕ ਏਕੁ ਧਿਆਇਆ।
ਘਟਿ ਘਟਿ ਨਦਰੀ ਆਇਆ।

(ਗਉੜੀ ਚੇਤੀ ਮ: 5, ਪੰਨਾ 210)

ਆਤਮ ਰਾਮੁ ਤਿਸੁ ਨਦਰੀ ਆਇਆ।

(ਗਉੜੀ ਸੁਖਮਨੀ ਮ: 5, ਪੰਨਾ 275)

ਜੇ ਕ੍ਰਿਪਾ ਕਰੇ ਮੇਰਾ ਪ੍ਰਭੁ ਕਰਤਾ ਤਾਂ ਸਤਿਗੁਰੁ ਪਾਰਬ੍ਰਹਮੁ ਨਦਰੀ ਆਵੈ।

(ਗਉੜੀ ਮ: 4, ਪੰਨਾ 305)

ਜਾ ਮਿਲਿਆ ਪੂਰਾ ਸਤਿਗੁਰੂ ਤਾ ਹਾਜਰੁ ਨਦਰੀ ਆਈਆ।

(ਗਉੜੀ ਮ: 4, ਪੰਨਾ 313)

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ।

(ਆਸਾ ਮ: 1, ਪੰਨਾ 360)

ਗੁਰੂ ਅਮਰਦਾਸ ਜੀ ਦਾ ਰਾਗ ਵਡਹੰਸ ਵਿਚ ਪੂਰਾ ਸ਼ਬਦ ਨਦਰ ਦੇ ਸਿਧਾਂਤ ਦੀ ਵਿਆਖਿਆ ਕਰਦਾ ਹੈ। ਹਰ ਤੁਕ ਵਿਚ 'ਨਦਰੀ' ਦੋ ਵਾਰੀ ਆਇਆ ਹੈ ਅਤੇ ਦੋਵੇਂ ਥਾਂ ਭਾਵ-ਅਰਥ ਰੱਬੀ ਬਖਸ਼ਿਸ਼ ਜਾਂ ਮਿਹਰ ਤੋਂ ਹੈ :

ਨਦਰੀ ਸਤਿਗੁਰੁ ਸੇਵੀਐ ਨਦਰੀ ਸੇਵਾ ਹੋਇ।
ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ।
-----------------------------------------
ਨਦਰੀ ਮਰਿ ਕੈ ਜੀਵੀਐ ਨਦਰੀ ਸਬਦੁ ਵਸੈ ਮਨਿ ਆਇ।
ਨਦਰੀ ਹੁਕਮੁ ਬੁਝੀਐ ਹੁਕਮੇ ਰਹੈ ਸਮਾਇ।

-----------------------

ਨਾਨਕ ਸਤਿਗੁਰਿ ਮਿਲਿਐ ਫਲੁ ਪਾਇਆ ਨਾਮੁ ਵਡਾਈ ਦੇਇ।

(ਵਡਹੰਸ ਮ: 3, ਪੰਨਾ 558)

ਕੁਝ ਤੁੱਕਾਂ ਹੋਰ ਮਿਲਦੀਆਂ ਹਨ ਜਿਨ੍ਹਾਂ ਵਿਚ 'ਨਦਰੀ' ਸਪਸ਼ਟ ਤੌਰ ਤੇ 'ਵੇਖਣ' ਲਈ ਵਰਤਿਆ ਗਿਆ ਹੈ :

ਚੂਕਾ ਪੜਦਾ ਤਾਂ ਨਦਰੀ ਆਇਆ।

(ਭੈਰਉ ਮ: 5, ਪੰਨਾ 1141)

ਗੁਰਮੁਖਾਂ ਨਦਰੀ ਆਵਦਾ ਮਾਇਆ ਸੁਟਿ ਪਾਇਆ।

(ਸਾਰੰਗ ਮ: 4, ਪੰਨਾ 1246)

ਨਾਨਕ ਗੁਰਮੁਖਿ ਨਦਰੀ ਆਇਆ ਮੋਹ ਮਾਇਆ ਵਿਛੜੁ ਸਭ ਜਾਇ।

(ਸਲੋਕ ਵਾਰਾਂ ਤੇ ਵਧੀਕ ਮ: 4, ਪੰਨਾ 1423)

ਸੋ ਉਪਰਲੀ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਸਮਝਣ ਲਈ ਦੋ ਗੱਲਾਂ ਦਾ ਧਿਆਨ ਰੱਖਣਾ ਜਰੂਰੀ ਹੈ : ਇਕ ਗੁਰਬਾਣੀ ਵਿਆਕਰਣ ਦਾ ਅਤੇ ਦੂਜਾ ਗੁਰਬਾਣੀ ਵਿਚ ਆਈ ਵਰਤੋਂ ਦਾ ਵਿਸ਼ੇ ਨਾਲ ਕੀ ਸੰਬੰਧ ਬਣਦਾ ਹੈ, ਜਿਸ ਨੂੰ ਅੰਗਰੇਜ਼ੀ ਵਿਚ ਰੈਫਰੈਂਸ ਟੂ ਕਨਟੈਕਸਟ (reference to context) ਕਿਹਾ ਜਾਂਦਾ ਹੈ। ਨਦਰ ਅਤੇ ਕਰਮ ਦੇ ਪਦ ਬਹੁ-ਅਰਥੀ ਹਨ ਅਤੇ ਇਨ੍ਹਾਂ ਦੀ ਗੁਰਬਾਣੀ ਵਿਚ ਵਰਤੋਂ ਸਧਾਰਣ ਸਿੱਖ ਲਈ ਇੱਕ ਗੁੰਝਲਦਾਰ ਬੁਝਾਰਤ ਬਣ ਜਾਂਦੀ ਹੈ।

✵✵✵

# 19.

# ਸੁਰਗ ਅਤੇ ਨਰਕ

ਸੁਰਗ ਅਤੇ ਨਰਕ ਦੀ ਗੱਲ ਲੱਗਭੱਗ ਸਾਰੇ ਧਰਮ ਗ੍ਰੰਥਾਂ ਵਿਚ ਮਿਲਦੀ ਹੈ। ਹਿੰਦੂ ਧਰਮ ਗ੍ਰੰਥਾਂ ਵਿਚ ਸੁਰਗ ਅਤੇ ਨਰਕ ਦਾ ਮਾਇਆ ਜਾਲ ਬੰਦੇ ਨੂੰ ਭੰਬਲਭੂਸੇ ਵਿਚ ਪਾਈ ਰੱਖਦਾ ਹੈ। ਪੁਰਾਣਾਂ ਵਿਚ ਤਾਂ ਸੁਰਗਾਪੁਰੀ ਕਿਸੇ ਦੂਰ-ਦੁਰਾਡੇ ਅਸਮਾਨ ਉਪਰ ਮੌਜੂਦ ਐਸੀ ਥਾਂ ਹੈ ਜਿੱਥੇ ਦੇਵਤਿਆਂ ਦਾ ਵਾਸ ਹੈ। ਉਥੇ ਪਹੁੰਚਣ ਦਾ ਰਸਤਾ ਅਤੇ ਦੂਰੀ ਵੀ ਦੱਸੀ ਗਈ ਹੈ। ਇਸਲਾਮ ਵਿਚ ਸੁਰਗ ਅਤੇ ਨਰਕ ਦੀ ਬਜਾਏ ਬਹਿਸ਼ਤ ਅਤੇ ਦੋਜ਼ਖ ਦੇ ਪਦ ਵਰਤੇ ਗਏ ਹਨ। ਬਾਈਬਲ ਵਿਚ ਵੀ ਸੁਰਗ (Heaven) ਅਤੇ ਨਰਕ (Hell) ਦੀ ਗੱਲ ਹੋਈ ਹੈ। ਬਲਕਿ ਸੁਰਗ ਲਈ ਪੈਰਾਡਾਈਜ਼ (Paradise) ਪਦ ਵੀ ਵਰਤਿਆ ਗਿਆ ਹੈ। ਆਦਮ (Adam) ਅਤੇ ਹਵਾਂ (Eve) ਪੈਰਾਡਾਈਜ਼ ਵਿਚੋਂ ਹੀ ਕੱਢੇ ਗਏ ਸਨ ਜਿਸ ਤੋਂ ਸਾਰੀ ਦੁਨੀਆ ਦੀ ਮਨੁੱਖ ਜਾਤੀ ਪੈਦਾ ਹੋਈ। ਕਮਾਲ ਦੀ ਗੱਲ ਹੈ ਕਿ ਪੂਰਬ ਅਤੇ ਪੱਛਮ ਦੇ ਧਰਮ ਗ੍ਰੰਥਾਂ ਵਿਚ ਫਲਸਫ਼ੇ ਦਾ ਮਹਾਨ ਅੰਤਰ ਹੋਣ ਦੇ ਬਾਵਜੂਦ ਸੁਰਗ ਅਤੇ ਨਰਕ ਦੇ ਸੰਕਲਪ ਸਮਾਨ-ਅਰਥੀ ਭਾਵਾਂ ਨੂੰ ਪ੍ਰਗਟ ਕਰਦੇ ਹਨ। ਬਾਈਬਲ ਵਿਚ ਲਿਖਿਆ ਹੈ ਕਿ ਨੇਕ ਕੰਮ ਕਰਨ ਵਾਲੇ ਸੁਰਗ ਵਿਚ ਗਾਡ (God) ਕੋਲ ਅਤੇ ਪਾਪੀ ਨਰਕ ਦੀ ਅੱਗ ਵਿਚ ਸਜਾ ਭੁਗਤਣਗੇ।

ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਅਤੇ ਇਸਲਾਮ ਦੋਹਾਂ ਧਰਮਾਂ ਦੇ ਪਦ ਵਰਤੇ ਗਏ ਹਨ। ਬਹੁਤੀ ਵਾਰ ਨਰਕ ਦੀ ਗੱਲ ਹੋਈ ਹੈ (70 ਵਾਰ)। ਸੁਰਗ ਅਤੇ ਨਰਕ ਇਕੱਠੇ ਵੀ ਵਰਤੇ ਗਏ ਹਨ (14 ਵਾਰ)। ਦੋਜ਼ਖ ਅਤੇ ਭਿਸਤ ਵੀ ਲਗਭਗ ਦਸ ਵਾਰ ਵਰਤੇ ਗਏ ਹਨ। ਗੁਰੂਆਂ ਤੋਂ ਇਲਾਵਾ ਭਗਤ ਕਬੀਰ ਅਤੇ ਬਾਬਾ ਫਰੀਦ ਜੀ ਵੀ ਦੋਜ਼ਖ-ਭਿਸਤ ਦੇ ਪਦਾਂ ਦੀ ਵਰਤੋਂ ਕਰਦੇ ਹਨ :

ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ।

(ਗਉੜੀ ਵਾਰ ਮ: 5, ਪੰਨਾ 322)

ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ।
ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ।

(ਆਸਾ ਭਗਤ ਕਬੀਰ, ਪੰਨਾ 477)

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ।
ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ।

(ਸਲੋਕ ਸ਼ੇਖ ਫਰੀਦ, ਪੰਨਾ 1381)

ਭਗਤ ਕਬੀਰ ਤਾਂ ਸੁਰਗ ਅਤੇ ਨਰਕ ਦਾ ਮੌਜੂ ਉਡਾ ਰਹੇ ਪ੍ਰਤੀਤ ਹੁੰਦੇ ਹਨ। ਕਿਉਂਕਿ ਜਦੋਂ ਉਹ ਬ੍ਰਹਮ (ਪ੍ਰਭੂ) ਨਾਲ ਅਭੇਦ ਹੋ ਗਏ ਤਾਂ ਸੁਰਗ-ਨਰਕ ਦਾ ਬਿਖੇੜਾ ਹੀ ਖਤਮ ਹੋ ਜਾਂਦਾ ਹੈ। ਬਲਕਿ ਕਬੀਰ ਜੀ ਤਾਂ ਸੁਰਗ ਦੀ ਬਜਾਏ ਨਰਕ (ਦੋਜਕ) ਨੂੰ ਤਰਜ਼ੀਹ ਦੇ ਰਹੇ ਹਨ :

ਮਾਟੀ ਏਕ ਭੇਖ ਧਰਿ ਨਾਨਾ ਤਾ ਮਹਿ ਬ੍ਰਹਮੁ ਪਛਾਨਾ।
ਕਹੈ ਕਬੀਰਾ ਭਿਸਤ ਛੋਡਿ ਕਰ ਦੋਜਕ ਸਿਉ ਮਨੁ ਮਾਨਾ।

(ਆਸਾ ਭਗਤ ਕਬੀਰ, ਪੰਨਾ 480)

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ।
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ।

(ਸਲੋਕ ਭਗਤ ਕਬੀਰ, ਪੰਨਾ 1370)

ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸੁਰਗ ਤੋਂ ਬਿਹਤਰ ਮੰਜਿਲ ਵੀ ਹੈ ਜੋ ਭਗਤ ਕਬੀਰ ਜੀ ਅਨੁਸਾਰ ਪ੍ਰਭੂ ਚਰਨਾਂ ਵਿਚ ਨਿਵਾਸ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵੀ ਅਜਿਹਾ ਹੀ ਉਪਦੇਸ਼ ਮਿਲਦਾ ਹੈ :

ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ।
ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ।

(ਗਉੜੀ ਮ: 9, ਪੰਨਾ 220)

ਗੁਰੂ ਗ੍ਰੰਥ ਸਾਹਿਬ ਵਿਚ ਸੁਰਗ, ਨਰਕ ਅਤੇ ਸੁਰਗ-ਨਰਕ ਪਦ ਇਕੱਠੇ ਵੀ ਵਰਤੇ ਗਏ ਹਨ। ਇਕ ਗੁੰਝਲ ਦਾ ਹੱਲ ਲੱਭਣਾ ਜ਼ਰੂਰੀ ਹੈ : ਕੀ ਸੁਰਗ ਅਤੇ ਨਰਕ ਸਾਡੇ ਬ੍ਰਹਿਮੰਡ ਵਿਚ ਕੋਈ ਨਿਰਧਾਰਤ ਸਥਾਨ ਹਨ ਜਿਥੇ ਮਰਨ ਉਪਰੰਤ ਰੂਹਾਂ ਨੂੰ ਭੇਜਿਆ ਜਾਂਦਾ ਹੈ ? ਚੰਗੇ ਕਰਮਾਂ ਵਾਲੇ ਗੁਰਮੁਖਿ ਜਨ ਸੁਰਗ ਵਿਚ ਪਹੁੰਚਦੇ ਹਨ ਅਤੇ ਮਨਮੁਖਿ ਪਾਪੀ ਨਰਕਾਂ ਵਿਚ ਨਿਵਾਸ ਕਰਦੇ ਹਨ। ਦਰਅਸਲ 84 ਲੱਖ ਜੂਨੀਆਂ ਵਾਲੇ ਲੇਖ ਵਿਚ ਦੱਸਿਆ ਗਿਆ ਸੀ ਕਿ ਜਨਮ-ਮਰਨ ਦਾ ਗੇੜ ਹੀ ਸੁਰਗ-ਨਰਕ ਦੇ ਚੱਕਰ ਵਿਚ ਪਾਈ ਰੱਖਦਾ ਹੈ। ਗੁਰਮਤਿ ਦਾ ਆਸ਼ਾ ਹੈ ਕਿ ਮਨੁੱਖ ਦੀ ਇਸ ਚੱਕਰ ਤੋਂ ਬੰਦ-ਖਲਾਸੀ ਹੋਣੀ ਲਾਜ਼ਮੀ ਹੈ। ਸੋ ਜਿਵੇਂ paradise ਦਾ ਜ਼ਿਕਰ ਬਾਈਬਲ ਵਿਚ ਹੋਇਆ ਹੈ, ਹਿੰਦੂ ਧਰਮ ਵਿਚ ਮੁਕਤੀ ਦੀ ਗੱਲ ਹੋਈ ਹੈ ਜੋ ਮਰਨ ਉਪਰੰਤ ਮਿਲਦੀ ਹੈ, ਸਿੱਖ ਧਰਮ ਵਿਚ ਜੀਵਨ-ਮੁਕਤ ਅਵਸਥਾ ਦਾ ਜ਼ਿਕਰ ਹੋਇਆ ਹੈ। ਸੋ ਜੀਵਨ-ਮੁਕਤੀ ਵੀ ਸੁਰਗ ਤੋਂ ਉਪਰ ਦੀ ਅਵਸਥਾ ਹੈ।

ਗੁਰਬਾਣੀ ਵਿਚ ਸੁਰਗ ਅਤੇ ਨਰਕ ਦੀਆਂ ਤੁਕਾਂ ਤੋਂ ਇਹ ਸਪਸ਼ਟ ਨਹੀਂ ਹੁੰਦਾ ਕਿ ਇਹ ਅਸਥਾਨ ਕਿੱਥੇ ਹਨ ? ਇਨ੍ਹਾਂ ਪਦਾਂ ਦੀ ਅਹਿਮੀਅਤ ਬਾਕੀ ਧਰਮਾਂ ਵਾਂਗ ਹੀ ਹੈ ਜਾਂ ਉਨ੍ਹਾਂ ਤੋਂ ਭਿੰਨ ? ਮੇਰੇ ਲਈ ਇਹ ਇਕ ਵਿਡੰਬਣਾ (paradox) ਹੈ। ਸੁਖਮਨੀ ਸਾਹਿਬ ਵਿਚ ਤਾਂ ਨਰਕ ਅਤੇ ਸੁਰਗ ਦੇ ਵਾਸ਼ਿੰਦਿਆਂ ਦੀ ਗਿਣਤੀ ਦਾ ਵੀ ਵੇਰਵਾ ਹੈ :

ਕਈ ਕੋਟਿ ਨਰਕ ਸੁਰਗ ਨਿਵਾਸੀ।

(ਗਉੜੀ ਸੁਖਮਨੀ ਮ: 5, ਪੰਨਾ 276)

ਨਰਕ ਸੁਰਗ ਫਿਰਿ ਫਿਰਿ ਅਉਤਾਰਾ।

(ਆਸਾ ਮ: 5, ਪੰਨਾ 389)

ਮੇਰੀ ਨਿੱਜੀ ਰਾਏ ਹੈ ਕਿ ਸੁਰਗ ਅਤੇ ਨਰਕ ਦੇ ਸੰਕਲਪ ਗੁਰਬਾਣੀ ਵਿਚ ਇਕ ਚੇਤਾਵਨੀ ਦੇ ਤੌਰ ਉਪਰ ਵਰਤੇ ਗਏ ਹਨ। ਗੁਰਸਿੱਖ ਲਈ ਉਪਦੇਸ਼ ਹੈ ਕਿ ਪ੍ਰਭੂ ਦੀ ਬੰਦਗੀ, ਨੇਕ ਜੀਵਨ ਅਤੇ ਚੜ੍ਹਦੀ ਕਲਾ ਸੁਰਗ-ਨਰਕ ਦੇ ਗੇੜ ਤੋਂ ਬਚਣ ਦਾ ਉਪਰਾਲਾ ਹੈ। ਨਿੰਦਕਾਂ ਲਈ ਤਾੜਨਾ ਹੈ ਕਿ ਨਰਕ ਦੇ ਵਿਚ ਨਿਵਾਸ ਹੋਵੇਗਾ:

ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ।

(ਸੂਹੀ ਮ: 3, ਪੰਨਾ 755)

ਜਿਹ ਪ੍ਰਭੂ ਬਿਸਾਰਿ ਗੁਰ ਤੇ ਬੇਮੁਖਾਈ ਤੇ ਨਰਕ ਘੋਰ ਮਹਿ ਪਰਿਆ।

(ਸੋਰਠਿ ਮ: 5, ਪੰਨਾ 613)

ਤਿਨ ਨਾਹਿ ਨਰਕ ਨਿਵਾਸੁ, ਨਿਤ ਸਿਮਰ ਪ੍ਰਭ ਗੁਣਤਾਸੁ।

(ਬਿਲਾਵਲ ਮ: 5, ਪੰਨਾ 837)

ਬਿਨ ਨਾਵੈ ਮਨੁ ਤਨੁ ਹੈ ਕੁਸਟੀ ਨਰਕੇ ਵਾਸਾ ਪਾਇਦਾ।

(ਮਾਰੂ ਸੋਲਹੇ ਮ: 3, ਪੰਨਾ 1064)

ਸੋ ਉਪਰਲੀਆਂ ਤੁਕਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਨਰਕ ਦਾ ਵਾਸਾ ਉਨ੍ਹਾਂ ਲਈ ਹੈ ਜੋ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ, ਨਾਮ ਤੋਂ ਵੰਚਿਤ ਹਨ ਪਰੰਤੂ ਜੋ ਪ੍ਰਭੂ ਦਾ ਸਿਮਰਨ ਕਰਦੇ ਹਨ, ਉਹ ਨਰਕ ਦੇ ਨਿਵਾਸ ਤੋਂ ਬਚੇ ਰਹਿੰਦੇ ਹਨ।

ਭਗਤ ਕਬੀਰ ਜੀ ਤਾਂ ਹਿੰਦੂ ਧਰਮ ਦੀ ਮਿੱਥ 'ਜੋ ਪ੍ਰਾਣੀ ਕਾਸ਼ੀ ਵਿਚ ਮਰਦਾ ਹੈ, ਉਹ ਸੁਰਗ ਵਿਚ ਯਕੀਨਨ ਪਹੁੰਚ ਜਾਂਦਾ ਹੈ' ਦਾ ਮੌਜੂ ਉਡਾਂਦੇ ਹਨ :

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ।
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ।

(ਆਸਾ ਭਗਤ ਕਬੀਰ, ਪੰਨਾ 484)

ਸੁਰਗ-ਨਰਕ ਦਾ ਹਊਆ ਸਿੱਖ ਧਰਮ ਉਪਰ ਵੀ ਹਾਵੀ ਹੋ ਚੁੱਕਾ ਹੈ। ਇਸ ਦੀ ਆੜ ਵਿਚ ਕਈ ਡੇਰੇਦਾਰ ਭੋਲੇ-ਭਾਲੇ ਸਿੱਖਾਂ ਨੂੰ ਭੰਬਲਭੂਸੇ ਵਿਚ ਪਾਈ ਰੱਖਦੇ ਹਨ। ਗੁਰਬਾਣੀ ਵਿਚ ਨਰਕ ਤੋਂ ਬਚਣ ਲਈ ਉਪਾ ਦੱਸੇ ਗਏ ਹਨ ਪ੍ਰੰਤੂ ਇਹ ਹਿੰਦੂ ਧਰਮ ਦੀ ਪ੍ਰੰਪਰਾ ਤੋਂ ਵੱਖਰੇ ਹਨ।

✵✵✵

# 20.

## ਬ੍ਰਹਮਾ ਬਿਸਨੁ ਮਹੇਸ (ਬ੍ਰਹਮਾ ਵਿਸ਼ਨੂ ਅਤੇ ਸ਼ਿਵ)

ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮਾ ਦਾ ਜ਼ਿਕਰ 50 ਵਾਰ ਹੋਇਆ ਹੈ, ਬਿਸਨੁ ਦਾ 31 ਵਾਰ ਅਤੇ ਸਿਵ ਦਾ 58 ਵਾਰ। ਸ਼ਿਵਾ ਦਾ ਜ਼ਿਕਰ ਸਭ ਤੋਂ ਵੱਧ ਹੋਇਆ ਹੈ ਅਤੇ ਕਈ ਹੋਰ ਨਾਮ ਵੀ ਵਰਤੇ ਗਏ ਹਨ ਜਿਵੇਂ ਕਿ ਈਸਰ, ਮਹਾਦੇਉ ਅਤੇ ਮਹੇਸ।

ਇਨ੍ਹਾਂ ਤਿੰਨਾਂ ਦੇਵਤਿਆਂ ਦੀ ਹਿੰਦੂ ਧਰਮ ਵਿਚ ਬਹੁਤ ਮਹਾਨਤਾ ਹੈ। ਹਿੰਦੂ ਧਰਮ ਅਨੁਸਾਰ ਪ੍ਰਮਾਤਮਾ (ਈਸ਼ਵਰ) ਪੁਰਸ਼ ਅਤੇ ਪ੍ਰਕ੍ਰਿਤੀ ਦੀ ਰਚਨਾ ਕਰਦਾ ਹੈ। ਉਸ ਨੇ ਆਪਣਾ ਪ੍ਰਬੰਧ ਚਲਾਉਣ ਲਈ ਤਿੰਨ ਦੇਵਤੇ ਥਾਪ ਰੱਖੇ ਹਨ ਜਿਨ੍ਹਾਂ ਦਾ ਕੰਮ ਸ੍ਰਿਸ਼ਟੀ ਰਚਨਾ (ਬ੍ਰਹਮਾ), ਇਸ ਦਾ ਪਾਲਣ ਪੋਸ਼ਣ (ਵਿਸ਼ਨੂੰ) ਅਤੇ ਇਸ ਦਾ ਖਾਤਮਾ (ਸ਼ਿਵ) ਕਰਨਾ ਹੈ। ਹਿੰਦੂ ਮਿਥਹਾਸ ਵਿਚ ਇਨ੍ਹਾਂ ਦੇਵਤਿਆਂ ਦੀ ਚਰਚਾ ਹੋਈ ਹੈ ਅਤੇ ਇਨ੍ਹਾਂ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਪੂਜਾ ਹੋ ਰਹੀ ਹੈ। ਦੱਸਿਆ ਜਾਂਦਾ ਹੈ ਕਿ ਬ੍ਰਹਮਾ ਦਾ ਇਕੋ ਇਕ ਮੰਦਿਰ ਪੁਸ਼ਕਰ ਵਿਚ ਹੈ, ਵਿਸ਼ਨੂੰ ਅਤੇ ਸ਼ਿਵ ਦੇ ਮੰਦਿਰ ਲਗਭਗ ਭਾਰਤ ਦੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਮਿਲ ਜਾਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦਾ ਜ਼ਿਕਰ ਜ਼ਰੂਰ ਹੋਇਆ ਹੈ ਪ੍ਰੰਤੂ ਇਨ੍ਹਾਂ ਦੀ ਸਥਿਤੀ ਹਿੰਦੂ ਧਰਮ ਵਾਲੀ ਨਹੀਂ। ਇਹ ਪ੍ਰਭੂ ਦੇ ਨੌਕਰ-ਚਾਕਰ ਜਾਂ ਕਾਰਿੰਦੇ ਦੱਸੇ ਗਏ ਹਨ ਜੋ ਆਪਣੀ ਡਿਊਟੀ ਨਿਭਾ ਰਹੇ ਹਨ। ਇਹ ਮਾਇਆ ਦੇ ਜਾਲ ਵਿਚ ਫਸੇ ਹੋਏ ਹਨ ਅਤੇ ਤੁਰੀਆ ਅਵਸਥਾ ਦੇ ਧਾਰਣੀ ਨਹੀਂ ਬਲਕਿ ਇਨ੍ਹਾਂ ਦੀ ਹਸਤੀ ਆਮ ਮਨੁੱਖ ਤੋਂ, ਅਧਿਆਤਮਕ ਪੱਧਰ ਉਪਰ, ਬਹੁਤ ਸਰਵੋਤਮ ਨਹੀਂ। ਖਾਸ ਕਰਕੇ ਸ਼ਿਵਾ ਕਰੋਧੀ ਦਰਸਾਇਆ ਗਿਆ ਹੈ ਜਿਸ ਨੇ ਆਪਣੇ ਪੁੱਤਰ ਦਾ ਸਿਰ ਕਲਮ ਕਰਕੇ, ਬਾਅਦ ਵਿਚ ਹਾਥੀ ਦਾ ਸਿਰ ਲਗਾ ਕੇ ਜੀਵਤ ਕਰ ਦਿੱਤਾ ਜੋ ਹੁਣ ਗਣੇਸ਼ ਕਰਕੇ ਜਾਣਿਆ ਜਾਂਦਾ ਹੈ।

ਬ੍ਰਹਮਾ ਨੇ ਚਾਰ ਵੇਦ ਰਚੇ ਸਨ ਜਿਸ ਕਰਕੇ ਉਸ ਦੀ ਮਾਨਤਾ ਹੁੰਦੀ ਹੈ :

ਬ੍ਰਹਮਾ ਮੂਲੁ ਵੇਦ ਅਭਿਆਸਾ। ਤਿਸ ਤੇ ਉਪਜੇ ਦੇਵ ਮੋਹ ਪਿਆਸਾ।
ਤ੍ਰੈ ਗੁਣ ਭਰਮੇ ਨਾਹੀ ਨਿਜ ਘਰਿ ਵਾਸਾ।

(ਗਉੜੀ ਮਃ 3, ਪੰਨਾ 230)

ਬ੍ਰਹਮਾ ਵੇਦੁ ਪੜੈ ਵਾਦੁ ਵਖਾਣੈ। ਅੰਤਰਿ ਤਾਮਸੁ ਆਪੁ ਨ ਪਛਾਣੈ।
ਤਾ ਪ੍ਰਭ ਪਾਏ ਗੁਰ ਸਬਦੁ ਵਖਾਣੈ।

(ਗਉੜੀ ਮਃ 3, ਪੰਨਾ 231)

ਬ੍ਰਹਮਾ ਦੀ ਮਹਾਨਤਾ ਵੇਦਾਂ ਦਾ ਪਾਠ-ਪਠਨ ਹੈ ਪਰੰਤੂ ਇਸ ਕਾਰਜ ਵਿਚ ਵੀ ਉਹ ਵਾਦ-ਵਿਵਾਦ ਪੈਦਾ ਕਰਦਾ ਹੈ ਕਿਉਂਕਿ ਉਹ ਤਮੋ ਗੁਣ ਦੇ ਪ੍ਰਭਾਵ ਹੇਠ ਤਾਮਸੀ ਬਿਰਤੀ ਦਾ ਮਾਲਕ ਹੈ। ਭਗਤ ਕਬੀਰ ਜੀ ਤਾਂ ਉਸ ਦੀ ਹਸਤੀ ਨੂੰ ਪ੍ਰਭੂ ਦੇ ਮੁਕਾਬਲੇ ਘਟੀਆ ਬਿਆਨ ਕਰਦੇ ਹਨ :

ਬ੍ਰਹਮਾ ਬਡਾ ਕਿ ਜਾਸ ਉਪਾਇਆ।
ਬੇਦੁ ਬਡਾ ਕਿ ਜਹਾਂ ਤੇ ਆਇਆ।

(ਸੋਰਠ ਭਗਤ ਕਬੀਰ, ਪੰਨਾ 331)

ਗੁਰੂ ਅਰਜਨ ਦੇਵ ਜੀ ਅਤੇ ਭਗਤ ਕਬੀਰ ਜੀ ਫੁਰਮਾਉਂਦੇ ਹਨ ਕਿ ਇਹ ਤਿੰਨੇ ਦੇਵਤੇ ਵੀ ਮਾਇਆ ਜਾਲ ਵਿਚ ਫਸੇ ਅਤੇ ਗ੍ਰੱਸੇ ਹੋਏ ਹਨ :

ਬ੍ਰਹਮਾ ਬਿਸਨੁ ਮਹਾਦੇਉ ਮੋਹਿਆ।

(ਆਸਾ ਮः 5, ਪੰਨਾ 394)

ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ।

(ਆਸਾ ਭਗਤ ਕਬੀਰ, ਪੰਨਾ 480)

ਗੁਰੂ ਨਾਨਕ ਦੇਵ ਤਾਂ ਇਨ੍ਹਾਂ ਤਿੰਨਾਂ ਦੇਵਤਿਆਂ ਨੂੰ ਰੋਗੀ ਕਹਿੰਦੇ ਹਨ ਜਿਵੇਂ ਕਿ ਬਾਕੀ ਦੀ ਦੁਨੀਆਂ ਰੋਗੀ ਹੈ। ਸੋ ਇਨ੍ਹਾਂ ਦਾ ਮੁਰਾਤਬਾ ਆਮ ਸੰਸਾਰੀ ਜੀਵਾਂ ਤੋਂ ਉਚੇਰਾ ਨਹੀਂ ਦੱਸਿਆ ਗਿਆ। ਗੁਰੂ ਰਾਮਦਾਸ ਜੀ ਵੀ ਇਸ ਤੱਥ ਦੀ ਪੁਸ਼ਟੀ ਕਰਦੇ ਹੋਏ ਇਨ੍ਹਾਂ ਨੂੰ ਰੋਗੀ ਦੱਸਦੇ ਹਨ ਜੋ ਹਉਮੈ ਅਧੀਨ ਕਾਰ-ਵਿਹਾਰ ਕਰਦੇ ਹਨ :

ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ।

(ਭੈਰਉ ਮः 1, ਪੰਨਾ 1153)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ।

(ਸੂਹੀ ਮः 4, ਪੰਨਾ 735)

ਗੁਰੂ ਨਾਨਕ ਦੇਵ ਜੀ ਮਾਰੂ ਸੋਲਹੇ ਵਿਚ ਸ੍ਰਿਸ਼ਟੀ ਰਚਨਾ ਦਾ ਬਿਆਨ ਕਰਦੇ ਹਨ ਜੋ ਸੁੰਨ ਦੀ ਅਵਸਥਾ ਵਿਚੋਂ ਪੈਦਾ ਹੁੰਦੀ ਹੈ। ਇਹ ਦੇਵਤੇ ਵੀ ਸੁੰਨ ਵਿਚੋਂ ਪੈਦਾ ਹੋਏ ਦੱਸੇ ਗਏ ਹਨ :

ਸੁੰਨਹੁ ਬ੍ਰਹਮਾ ਬਿਸਨੁ ਮਹੇਸੁ ਉਪਾਏ।

(ਮਾਰੂ ਸੋਲਹੇ ਮः 1, ਪੰਨਾ 1037)

ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ ਕਿ ਹੁਣ ਕਲਜੁਗ ਵਿਚ ਬ੍ਰਹਮੇ ਦੇ ਅਥਰਵਣ ਵੇਦ ਦੀ ਥਾਂ ਗੁਰਬਾਣੀ ਦਾ ਬੋਲਬਾਲਾ ਹੈ ਅਤੇ ਇਸ ਦਵਾਰਾ ਪ੍ਰਭੂ ਦੀ ਸਿਫਤ ਸਲਾਹ ਕਰਨੀ ਬਣਦੀ ਹੈ :

ਬਾਣੀ ਬ੍ਰਹਮਾ ਬੇਦੁ ਅਥਰਬਣੁ ਕਰਣੀ ਕੀਰਤਿ ਲਹਿਆ।

(ਰਾਮਕਲੀ ਮः 1, ਪੰਨਾ 903)

✵✵✵

# 21.

## ਗੁਰਬਾਣੀ ਵਿਚ ਅਕੱਥ ਕਥਾ ਦਾ ਸੰਕਲਪ

ਅਕੱਥ-ਕਥਾ ਉਹ ਰਹੱਸਮਈ ਗਾਥਾ ਹੈ ਜੋ ਮਨੁੱਖੀ ਭਾਸ਼ਾ ਵਿਚ ਬਿਆਨ ਕਰਨੀ ਅਸੰਭਵ ਹੈ। ਵਿਸਮਾਦ ਦੀ ਵਿਆਖਿਆ ਆਸਾ ਦੀ ਵਾਰ ਵਿਚ ਮਿਲਦੀ ਹੈ। ਵਿਸਮਾਦਕ ਅਵਸਥਾ ਮਹਿਸੂਸ ਕੀਤੀ ਜਾ ਸਕਦੀ ਹੈ ਪ੍ਰੰਤੂ ਇਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਵਿਚ ਅਕੱਥ-ਕਥਾ ਦਾ ਜ਼ਿਕਰ 33 ਵਾਰ ਆਇਆ ਹੈ। ਜਿਸ ਤਰ੍ਹਾਂ ਗੂੰਗਾ ਗੁੜ ਦਾ ਸਵਾਦ ਨਹੀਂ ਦੱਸ ਸਕਦਾ। ਇਸੇ ਤਰ੍ਹਾਂ ਹੀ ਪ੍ਰਭੂ ਮਿਲਾਪ ਦੀ ਅਵਸਥਾ ਅਕੱਥਨੀ ਹੈ। ਗੁਰੂ ਅਰਜਨ ਦੇਵ ਜੀ ਦਰਸਾਉਂਦੇ ਹਨ ਕਿ ਜਿਸ ਜੀਵ ਉਪਰ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਹੋਵੇ, ਉਹ ਹੀ ਇਸ ਅਕੱਥ-ਕਥਾ ਨੂੰ ਜਾਣ ਸਕਦਾ ਹੈ :

ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ।

(ਗਉੜੀ ਪੂਰਬੀ ਮ: 5, ਪੰਨਾ 13)

ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ।

(ਗਉੜੀ ਮ: 5, ਪੰਨਾ 205)

ਸਵਾਲ ਪੈਦਾ ਹੁੰਦਾ ਹੈ ਕਿ ਜੇਕਰ ਭਾਸ਼ਾ ਅਕੱਥ-ਕਥਾ ਨੂੰ ਬਿਆਨ ਨਹੀਂ ਕਰ ਸਕਦੀ ਤਾਂ ਇਸ ਨੂੰ ਕਿਵੇਂ ਵੇਖਿਆ ਅਤੇ ਸਮਝਿਆ ਜਾਵੇ ? ਗੁਰਬਾਣੀ ਵਿਚ ਫੁਰਮਾਨ ਹੈ ਕਿ ਗੁਰੂ ਦੇ ਸ਼ਬਦ ਅਤੇ ਨਾਮ ਦੀ ਕਮਾਈ ਦੁਆਰਾ ਇਸ ਨੂੰ ਸਮਝਿਆ ਜਾ ਸਕਦਾ ਹੈ :

ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ।

(ਗਉੜੀ ਗੁਆਰੇਰੀ ਮ: 3, ਪੰਨਾ 160)

ਸੁਨਿ ਮਨ ਅਕਥ ਕਥਾ ਹਰਿ ਨਾਮ।

(ਰਾਗ ਬੈਰਾੜੀ ਮ: 4, ਪੰਨਾ 719)

ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ।

(ਬਿਲਾਵਲ ਮ: 5, ਪੰਨਾ 827)

ਅਕੱਥ-ਕਥਾ ਭਾਵੇਂ ਬਿਆਨ ਨਹੀਂ ਹੋ ਸਕਦੀ ਪ੍ਰੰਤੂ ਗੁਰਬਾਣੀ ਵਿਚ ਦ੍ਰਿਸ਼ਟਾਂਤ ਮਿਲਦੇ ਹਨ ਕਿ ਇਹ ਸੁਣੀ ਜਾ ਸਕਦੀ ਹੈ, ਇਹ ਸ਼ਾਂਤ-ਚਿਤ ਅਵਸਥਾ ਵਿਚ ਲੈ ਜਾਂਦੀ ਹੈ ਅਤੇ ਜੀਵ ਲਈ ਸੁਖਦਾਇਕ ਸਿੱਧ ਹੁੰਦੀ ਹੈ। ਇਹ ਦੁੱਖ-ਭੁੱਖ ਤੋਂ ਮੁਕਤ ਕਰ ਦਿੰਦੀ ਹੈ :

ਸੁਨਿ ਅਕਥ ਕਥਾ ਸੁਖਵੰਤੀ।<br>
ਸਭ ਕਿਲਵਿਖ ਪਾਪ ਲਹੰਤੀ।<br>
----------------------------------------<br>
ਹਰਿ ਅਕਥ ਕਥਾ ਕਾ ਜਿਨਿ ਰਸੁ ਚਾਖਿਆ ਤਿਸੁ ਜਨ ਸਭ ਭੂਖ ਲਹੰਤੀ।

(ਨਟ ਨਰਾਇਨ ਮ: 4, ਪੰਨਾ 977)

ਅਕੱਥ-ਕਥਾ ਦਾ ਸੋਮਾ ਕੀ ਹੈ ? ਇਹ ਵੀ ਗੁਰਬਾਣੀ ਵਿਚ ਦਰਜ ਹੈ :

ਅਕਥ ਕਥਾ ਅੰਮ੍ਰਿਤ ਪ੍ਰਭ ਬਾਨੀ।

(ਬਿਲਾਵਲ ਮਃ 5, ਪੰਨਾ 806)

ਸੋ ਸਪਸ਼ਟ ਹੈ ਕਿ ਗੁਰਬਾਣੀ ਹੀ ਅਕੱਥ-ਕਥਾ ਦਾ ਸ੍ਰੋਤ ਹੈ। ਪ੍ਰੰਤੂ ਬਾਣੀ ਤਾਂ ਲਿਖਤੀ ਰੂਪ ਵਿਚ ਉਪਲੱਬਧ ਹੈ, ਇਹ ਕਿਵੇਂ ਅਕੱਥ-ਕਥਾ ਹੋਈ? ਗੁਰਬਾਣੀ ਨੂੰ 'ਧੁਰ ਕੀ ਬਾਣੀ' ਕਿਹਾ ਗਿਆ ਹੈ ਜੋ ਵੱਖ-ਵੱਖ ਗੁਰੂ ਜਾਮਿਆਂ, ਭਗਤਾਂ, ਭੱਟਾਂ ਤੇ ਗੁਰੂ ਦੇ ਅਨਿੰਨ ਸਿੱਖਾਂ ਦਵਾਰਾ ਪ੍ਰਗਟ ਹੋਈ ਹੈ। ਹੈ ਤਾਂ ਇਹ ਅਕੱਥ-ਕਥਾ ਪ੍ਰੰਤੂ ਗੁਰੂਆਂ ਅਤੇ ਭਗਤਾਂ ਨੇ ਇਸ ਅਨੁਭਵੀ ਤਜ਼ਰਬੇ ਨੂੰ ਪ੍ਰਤੀਕਾਤਮਕ ਢੰਗ ਨਾਲ ਬਿਆਨ ਕੀਤਾ ਹੈ।

ਅਕਥ ਕਥਾ ਕਹੀਐ ਗੁਰ ਭਾਇ।
ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ।

(ਬਿਲਾਵਲ ਮਃ 1, ਪੰਨਾ 736)

ਗੁਰੂ ਰਾਮਦਾਸ ਜੀ ਇਸ ਦਾ ਪ੍ਰਭਾਵ ਬਿਆਨ ਕਰਦੇ ਹਨ ਜੋ ਬਿਆਨ ਤੋਂ ਬਾਹਰ ਹੈ ਪਰੰਤੂ ਇਸ ਨੂੰ ਮਹਿਸੂਸ ਕਰਕੇ ਨਿਹਾਲ ਹੋਇਆ ਜਾ ਸਕਦਾ ਹੈਃ

ਤੁਮਰੀ ਜੀ ਅਕਥ ਕਥਾ ਤੂ ਤੂ ਤੂ ਹੀ ਜਾਨਹਿ ਹਉ ਹਰਿ ਜਪ ਭਈ ਨਿਹਾਲ ਨਿਹਾਲ ਨਿਹਾਲ।

(ਕਾਨੜਾ ਮਃ 4, ਪੰਨਾ 1296)

ਭੱਟਾਂ ਦੇ ਸਵੱਈਏ ਗੁਰੂਆਂ ਦੀ ਸਿਫਤ-ਸਲਾਹ ਨੂੰ ਵੀ ਅਕੱਥ-ਕਥਾ ਹੀ ਦੱਸਦੇ ਹਨ :

ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ।

(ਸਵੱਈਏ ਮਃ 4, ਪੰਨਾ 1406)

✵✵✵

# 22.

## ਤੁਰੀਆ ਅਵਸਥਾ ਅਰਥਾਤ ਚਉਥਾ ਪਦ

ਤੁਰੀਆ ਪਦ ਗੁਰਬਾਣੀ ਵਿਚ 8 ਵਾਰੀ ਆਇਆ ਹੈ ਅਤੇ ਚਉਥਾ (ਚਉਥੇ, ਚਉਥੈ) ਪਦ 20 ਵਾਰ। ਤੁਰੀਆ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਚਉਥਾ। ਸੋ ਗੁਰੂ ਗ੍ਰੰਥ ਸਾਹਿਬ ਵਿਚ ਤੁਰੀਆ ਅਤੇ ਚਉਥਾ ਪਦ ਦੋਵੇਂ ਹੀ ਵਰਤੇ ਗਏ ਹਨ। 'ਤੁਰੀਆ' ਛੰਦੋਗਿਆ ਉਪਨਿਸ਼ਦ ਵਿਚ ਆਇਆ ਹੈ ਅਤੇ ਇਸ ਦੀ ਵਿਆਖਿਆ ਹਿੰਦੂ ਗ੍ਰੰਥਾਂ ਵਿਚ ਭਲੀ ਭਾਂਤ ਮਿਲਦੀ ਹੈ। ਸ਼ੰਕਰਾਚਾਰੀਆ ਨੇ ਵੀ ਤੁਰੀਆ ਅਵਸਥਾ ਦਾ ਬਿਆਨ ਕੀਤਾ ਹੈ। ਉਸ ਅਨੁਸਾਰ ਜੀਵ ਜਾਗਰਤ, ਸੁਪਨ ਅਤੇ ਸੁਸ਼ੋਪਤੀ ਅਵੱਸਥਾਵਾਂ ਵਿਚੋਂ ਹੁੰਦਾ ਹੋਇਆ 'ਤੁਰੀਆ' ਅਵਸਥਾ ਵਿਚ ਪਹੁੰਚ ਸਕਦਾ ਹੈ ਜੋ ਕਿ ਬਹੁਤ ਹੀ ਕਠਿਨ ਹੈ ਅਤੇ ਅਭਿਆਸ ਦੀ ਮੰਗ ਕਰਦਾ ਹੈ।

ਗੁਰਬਾਣੀ ਵਿਚ ਰਜੋ, ਤਮੋ ਅਤੇ ਸਤੋ ਗੁਣਾਂ ਦੀ ਵੀ ਗੱਲ ਹੋਈ ਹੈ। ਇਹ ਤਿੰਨੇ ਗੁਣ ਸਾਂਖ ਸ਼ਾਸਤਰ ਵਿਚ ਪ੍ਰਕ੍ਰਿਤੀ ਨਾਲ ਸੰਬੰਧਿਤ ਹਨ ਜਿਸ ਕਰਕੇ ਬ੍ਰਹਿਮੰਡ ਦੀ ਹਰ ਵਸਤੂ ਇਨ੍ਹਾਂ ਦੇ ਸੁਮੇਲ ਤੋਂ ਪ੍ਰਭਾਵਿਤ ਹੁੰਦੀ ਹੈ। ਉਦਾਹਰਣ ਲਈ ਮਨੁੱਖ ਜਾਤੀ ਵਿਚ ਰਜੋ ਅਤੇ ਸਤੋ ਗੁਣਾਂ ਦੀ ਬਹੁਤਾਤ ਹੈ ਜਦਕਿ ਪਸ਼ੂ-ਪੰਛੀਆਂ ਵਿਚ ਤਮੋ ਗੁਣ ਪ੍ਰਧਾਨ ਹੁੰਦਾ ਹੈ। ਜੇਕਰ ਮਨੁੱਖ ਵਿਚ ਤਮੋ ਗੁਣ ਪ੍ਰਧਾਨ ਹੋਵੇ ਤਾਂ ਉਹ ਵੀ ਪਸ਼ੂਆਂ ਦੀ ਬਿਰਤੀ ਧਾਰਣ ਕਰ ਲੈਂਦਾ ਹੈ। ਤਮੋ ਗੁਣ ਆਲਸੀ ਅਤੇ ਪੇਟੂ ਬਣਾਉਂਦਾ ਹੈ ਜਦਕਿ ਰਜੋ ਗੁਣ ਫੁਰਤੀਲਾ, ਸਾਹਸੀ ਅਤੇ ਖੁਦਦਾਰ (ਹਉਮੈ ਗ੍ਰਸਤ) ਬਣਾਉਂਦਾ ਹੈ। ਸਤੋ ਗੁਣ ਸਮਾਜ ਵਿਚ ਉਤਮ ਮਨੁੱਖ ਪੈਦਾ ਕਰਦਾ ਹੈ ਜੋ ਅਮਨਪਸੰਦ, ਸਦਾਚਾਰੀ ਅਤੇ ਪਵਿੱਤਰਤਾ ਦੇ ਪ੍ਰਤੀਕ ਹੁੰਦੇ ਹਨ। ਹਰ ਜੀਵ ਵਿਚ ਇਨ੍ਹਾਂ ਤਿੰਨਾਂ ਗੁਣਾਂ ਦਾ ਤਵਾਜ਼ਨ ਹੋਣਾ ਜ਼ਰੂਰੀ ਹੈ ਤਾਂ ਕਿ ਸਮਾਜ ਵਿਚ ਅਮਨ-ਸ਼ਾਂਤੀ ਕਾਇਮ ਰਹੇ। ਸਰੀਰ ਦੇ ਪਾਲਣ ਪੋਸਣ ਲਈ ਤਮੋ ਗੁਣ ਵੀ ਜ਼ਰੂਰੀ ਹੈ। ਇਨ੍ਹਾਂ ਤਿੰਨਾਂ ਗੁਣਾਂ ਤੋਂ ਉਪਰਲੀ ਅਵਸਥਾ ਨੂੰ ਚਉਥਾ ਪਦ ਜਾਂ ਤੁਰੀਆ ਅਵਸਥਾ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਤਿੰਨ ਗੁਣਾਂ, ਤੁਰੀਆ ਅਤੇ ਚਉਥੇ ਪਦ ਬਾਰੇ ਵਿਵਰਣ ਮਿਲਦਾ ਹੈ।

ਰਜ ਤਮ ਸਤ ਕਲ ਤੇਰੀ ਛਾਇਆ।
ਜਨਮ ਮਰਣ ਹਉਮੈ ਦੁਖੁ ਪਾਇਆ।
ਜਿਸ ਨੋ ਕ੍ਰਿਪਾ ਕਰੇ ਹਰਿ ਗੁਰਮੁਖਿ ਗੁਣਿ ਚਉਥੈ ਮੁਕਤਿ ਕਰਾਇਦਾ।

(ਮਾਰੂ ਮਃ 1, ਪੰਨਾ 1038)

ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ।

(ਗਉੜੀ ਮਃ 5, ਪੰਨਾ 297)

ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ।

(ਮਲਾਰ ਮਃ 3, ਪੰਨਾ 1260)

ਚਉਥੇ ਪਦ ਮਹਿ ਸਹਜੁ ਹੈ ਗੁਰਮੁਖਿ ਪਲੈ ਪਾਇ।

(ਸਿਰੀ ਰਾਗ ਮਃ 3, ਪੰਨਾ 68)

ਪੜਿ ਪੜਿ ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ।

(ਮਾਝ ਮਃ 3, ਪੰਨਾ 117)

ਚਉਥੇ ਪਦ ਕਉ ਜੋ ਨਰੁ ਚੀਨੈ ਤਿਨ ਹੀ ਪਰਮ ਪਦੁ ਪਾਇਆ।

(ਰਾਗ ਕੇਦਾਰਾ ਭਗਤ ਕਬੀਰ, ਪੰਨਾ 1123)

ਉਪਰਲੀਆਂ ਤੁਕਾਂ ਦੀ ਵਿਚਾਰ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਾਰਾ ਜਗਤ ਤਿੰਨਾਂ ਗੁਣਾਂ ਵਿਚ ਉਲਝਿਆ ਰਹਿੰਦਾ ਹੈ ਅਤੇ ਕੋਈ ਵਿਰਲਾ ਟਾਵਾਂ ਗੁਰਮੁਖਿ ਹੀ ਚਉਥੀ ਜਾਂ ਤੁਰੀਆ ਅਵਸਥਾ ਪ੍ਰਾਪਤ ਕਰਦਾ ਹੈ। ਇਸ 'ਤੁਰੀਆ' ਵਿਚ ਸਹਿਜ ਉਪਜਦਾ ਹੈ। ਚਉਥਾ ਪਦ ਜਾਂ ਤੁਰੀਆ ਦੀ ਪ੍ਰਾਪਤੀ ਜਣੇ ਖਣੇ ਦੇ ਵੱਸ ਦਾ ਰੋਗ ਨਹੀਂ। ਇਹ ਬ੍ਰਹਮ ਗਿਆਨ ਦੀ ਅਵਸਥਾ ਹੈ ਅਤੇ ਪ੍ਰਭੂ ਮਿਲਾਪ ਦੀ ਨਿਸ਼ਾਨੀ ਹੈ। ਭਗਤ ਕਬੀਰ ਜੀ ਵੀ ਇਹੋ ਉਪਦੇਸ਼ ਦੇ ਰਹੇ ਹਨ ਕਿ ਪ੍ਰਭੂ ਪ੍ਰਾਪਤੀ ਲਈ ਚਉਥੇ ਪਦ ਦਾ ਧਾਰਣੀ ਹੋਣਾ ਪਵੇਗਾ। ਸਪਸ਼ਟ ਹੈ ਕਿ ਗੁਰਬਾਣੀ ਦੀ ਵਿਚਾਰਧਾਰਾ ਭਾਰਤੀ ਦਰਸ਼ਨ ਸ਼ਾਸਤਰ ਦੀ ਵਿਚਾਰਧਾਰਾ ਨੂੰ ਅੱਗੇ ਤੋਰਦੀ ਹੈ।

✵✵✵

23.

# ਗੁਰਬਾਣੀ ਵਿਚ ਜੀਵਨ ਮੁਕਤਿ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਜੀਵਨ ਮੁਕਤਿ ਪਦ 10 ਵਾਰ ਆਉਂਦਾ ਹੈ ਜਦਕਿ 'ਮੁਕਤ' 16 ਵਾਰ ਅਤੇ 'ਮੁਕਤਿ' 266 ਵਾਰ। ਗੁਰਮਤਿ ਅਨੁਸਾਰ ਜੋ ਮਨੁੱਖ ਆਪਣੇ ਜੀਵਨ ਦੌਰਾਨ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ, ਜੀਵਨ-ਮੁਕਤ ਕਹਿਲਾਉਂਦਾ ਹੈ। ਭਾਰਤੀ ਧਰਮਾਂ ਵਿਚ ਮਨੁੱਖੀ ਜੀਵਨ ਦਾ ਲਕਸ਼ ਮੁਕਤੀ ਪ੍ਰਾਪਤ ਕਰਨਾ ਹੈ। ਬੁੱਧ ਧਰਮ ਵਿਚ ਇਸ ਨੂੰ ਨਿਰਵਾਣ ਅਸਵਥਾ ਕਿਹਾ ਜਾਂਦਾ ਹੈ। ਹਰ ਧਰਮ ਵਿਚ ਮੁਕਤੀ ਦੇ ਵੱਖਰੇ ਵੱਖਰੇ ਸਾਧਨ ਦੱਸੇ ਗਏ ਹਨ ਜਿਵੇਂ ਕਿ ਹਿੰਦੂ ਧਰਮ ਵਿਚ ਕਰਮ ਮਾਰਗ, ਗਿਆਨ ਮਾਰਗ, ਯੋਗ ਸਾਧਨਾ ਅਤੇ ਭਗਤੀ ਮਾਰਗ। ਸਿੱਖ ਧਰਮ ਵਿਚ ਭਗਤੀ ਮਾਰਗ ਦਾ ਬੋਲਬਾਲਾ ਹੈ ਅਤੇ ਮਰਨ ਉਪਰੰਤ ਮਿਲਣ ਵਾਲੀ ਮੁਕਤੀ ਦੀ ਬਜਾਏ 'ਜੀਵਨ-ਮੁਕਤ' ਹੋਣ ਨੂੰ ਤਰਜ਼ੀਹ ਦਿੱਤੀ ਗਈ ਹੈ।

ਭਗਤ ਨਾਮਦੇਵ ਜੀ ਵੀ ਜੀਵਨ-ਮੁਕਤੀ ਦੀ ਮੰਗ ਕਰ ਰਹੇ ਹਨ :

ਮੂਏ ਹੋਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ।

(ਮਲਾਰ ਭਗਤ ਨਾਮਦੇਵ ਜੀ, ਪੰਨਾ 1292)

ਗੁਰੂ ਅਮਰਦਾਸ ਜੀ ਜੀਵਨ-ਮੁਕਤੀ ਲਈ ਮਨ ਦੀ ਪਵਿੱਤਰਤਾ ਜ਼ਰੂਰੀ ਦੱਸਦੇ ਹਨ। ਜੀਵਨ ਮੁਕਤ ਪ੍ਰਾਣੀ ਸਹਿਜ ਦੀ ਅਵਸਥਾ ਦਾ ਧਾਰਣੀ ਹੁੰਦਾ ਹੈ :

ਆਪੁ ਪਛਾਣੈ ਮਨੁ ਨਿਰਮਲ ਹੋਇ।
ਜੀਵਨ ਮੁਕਤਿ ਹਰਿ ਪਾਵੈ ਸੋਇ।
ਹਰਿ ਗੁਣ ਗਾਵੈ ਮਤਿ ਊਤਮ ਹੋਇ।
ਸਹਜੇ ਸਹਜ ਸਮਾਵੈ ਸੋਇ।

(ਗਉੜੀ ਮਃ 3, ਪੰਨਾ 161)

ਜੀਵਨ-ਮੁਕਤ ਪ੍ਰਾਣੀ ਦੇ ਲੱਛਣ ਗੁਰਬਾਣੀ ਵਿਚ ਭਲੀ-ਭਾਂਤ ਦਰਸਾਏ ਗਏ ਹਨ। ਉਹ ਮਨੁੱਖ ਦੁਬਿਧਾ-ਮੁਕਤ ਹੋ ਕੇ ਇਕ ਸਮਤੋਲ ਅਵਸਥਾ ਦਾ ਧਾਰਣੀ ਹੋ ਜਾਂਦਾ ਹੈ ਜਿਸ ਵਿਚ ਆਸਾ-ਨਿਰਾਸਾ, ਹਰਖ-ਸੋਖ, ਮਾਨ-ਅਭਿਮਾਨ, ਊਚ-ਨੀਚ ਆਦਿ ਵਿਤਕਰੇ ਮਿਟ ਜਾਂਦੇ ਹਨ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਇਸ ਨੂੰ ਮੁਕਤ-ਪੰਥ ਵੀ ਕਿਹਾ ਗਿਆ ਹੈ :

ਮੁਕਤਿ ਪੰਥੁ ਜਾਨਿਓ ਤੈ ਨਾਹਿਨ ਧਨ ਜੋਰਨ ਕਉ ਧਾਇਆ।

(ਸੋਰਠ ਮਃ 9, ਪੰਨਾ 632)

ਤਜਿ ਅਭਿਮਾਨੁ ਮੋਹੁ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ।
ਨਾਨਕ ਕਹਤੁ ਮੁਕਤਿ ਪੰਥੁ ਇਹੁ ਗੁਰਮੁਖਿ ਹੋਇ ਤੁਮ ਪਾਵਉ।

(ਗਉੜੀ ਮਃ 9, ਪੰਨਾ 219)

ਗੁਰੂ ਅਰਜਨ ਦੇਵ ਜੀਵਨ-ਮੁਕਤ ਪ੍ਰਾਣੀ ਦੀ ਪ੍ਰੀਭਾਸ਼ਾ ਅਤੇ ਲੱਛਣ ਸੁਖਮਨੀ ਸਾਹਿਬ ਦੀ ਨੌਵੀਂ ਅਸ਼ਟਪਦੀ ਵਿਚ ਬਿਆਨ ਕਰਦੇ ਹਨ :

ਪ੍ਰਭ ਕੀ ਆਗਿਆ ਆਤਮ ਹਿਤਾਵੈ। ਜੀਵਨ ਮੁਕਤਿ ਸੋਊ ਕਹਾਵੈ।
ਤੈਸਾ ਹਰਖੁ ਤੈਸਾ ਉਸੁ ਸੋਗੁ। ਸਦਾ ਅਨੰਦੁ ਤਹ ਨਹੀ ਬਿਓਗੁ।
ਤੈਸਾ ਸੁਵਰਨੁ ਤੈਸੀ ਉਸੁ ਮਾਟੀ। ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ।
ਤੈਸਾ ਮਾਨੁ ਤੈਸਾ ਅਭਿਮਾਨੁ। ਤੈਸਾ ਰੰਕੁ ਤੈਸਾ ਰਾਜਾਨੁ।
ਜੋ ਵਰਤਾਏ ਸਾਈ ਜੁਗਤਿ। ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।

(ਗਉੜੀ ਸੁਖਮਨੀ ਮਃ 5, ਪੰਨਾ 275)

ਗੁਰੂ ਤੇਗ ਬਹਾਦਰ ਜੀ ਆਪਣੀ ਬਾਣੀ ਵਿਚ ਉਪਰੋਕਤ ਧਾਰਣਾ ਦੀ ਪੁਸ਼ਟੀ ਕਰਦੇ ਹਨ :

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ।
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ।

(ਬਿਲਾਵਲ ਮਃ 9, ਪੰਨਾ 831)

ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਸਬਦ ਦੀ ਕਮਾਈ ਨਾਲ ਜੀਵਨ-ਮੁਕਤ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਦੂਜੀ ਵਿਧੀ ਪ੍ਰਭੂ ਦੀ ਪ੍ਰੇਮਾ ਭਗਤੀ ਹੈ ਜੋ ਸਹਾਈ ਹੁੰਦੀ ਹੈ :

ਜੀਵਨ ਮੁਕਤਿ ਗੁਰ ਸਬਦੁ ਕਮਾਏ। ਹਰਿ ਸਿਉ ਸਦ ਹੀ ਰਹੈ ਸਮਾਏ।

(ਮਾਰੂ ਸੋਲਹੇ ਮਃ 3, ਪੰਨਾ 1058)

ਜੀਵਤ ਮਰਣਾ ਸਭੁ ਕੋ ਕਹੈ ਜੀਵਨ ਮੁਕਤਿ ਕਿਉ ਹੋਇ।
ਭੈ ਕਾ ਸੰਜਮੁ ਜੇ ਕਰੇ ਦਾਰੂ ਭਾਉ ਲਾਏਇ।

(ਰਾਮਕਲੀ ਮਃ 3, ਪੰਨਾ 948)

ਜੀਵਨ-ਮੁਕਤੀ ਦਾ ਗੁਰਮਤਿ ਸੰਕਲਪ ਇਕ ਅਦੁੱਤੀ ਵਰਤਾਰਾ ਹੈ ਜੋ ਦੁਨਿਆਵੀ ਕਾਰ-ਵਿਹਾਰ ਕਰਦਿਆਂ ਸਹੀ ਜੁਗਤ ਨਾਲ ਪ੍ਰਾਪਤ ਹੋ ਸਕਦਾ ਹੈ :

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।
ਹਸੰਦਿਆ, ਖੇਲੰਦਿਆ, ਪੈਨੰਦਿਆ, ਖਾਵੰਦਿਆ ਵਿਚੇ ਹੋਵੇ ਮੁਕਤਿ।

(ਆਸਾ ਮਃ 1, ਪੰਨਾ 360)

✵✵✵

24.

# ਗੁਰਬਾਣੀ ਵਿਚ ਭਗਤੀ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ 'ਭਗਤੀ' ਪਦ 105 ਵਾਰ ਆਇਆ ਹੈ, ਭਗਤਿ 660 ਵਾਰ ਅਤੇ 'ਭਗਤ' 278 ਵਾਰ। ਭਗਤ ਉਹ ਪ੍ਰਾਣੀ ਹੈ ਜੋ ਭਗਤੀ ਵਿਚ ਲੀਨ ਰਹਿੰਦਾ ਹੈ ਪਰੰਤੂ 'ਭਗਤਿ' ਪਦ ਦੀ ਵਰਤੋਂ ਭਗਤੀ ਲਈ ਹੋਈ ਹੈ। ਸਿੱਖ ਗੁਰੂਆਂ ਤੋਂ ਪਹਿਲਾਂ ਭਾਰਤ ਵਿਚ ਭਗਤੀ ਲਹਿਰ ਸ਼ੁਰੂ ਹੋ ਚੁੱਕੀ ਸੀ। ਉਤਰੀ ਭਾਰਤ ਵਿਚ ਭਗਤ ਰਾਮਾਨੰਦ ਅਤੇ ਉਸ ਦੇ ਚੇਲੇ ਭਗਤ ਕਬੀਰ ਅਤੇ ਭਗਤ ਰਵੀਦਾਸ ਕਾਸ਼ੀ ਦੇ ਰਹਿਣ ਵਾਲੇ ਸਨ। ਜਾਤ ਪਾਤ, ਬ੍ਰਾਹਮਣਵਾਦ ਅਤੇ ਕਰਮ ਕਾਂਡ ਵਿਰੁੱਧ ਇਨ੍ਹਾਂ ਨੇ ਮੋਰਚਾ ਸ਼ੁਰੂ ਕਰ ਰੱਖਿਆ ਸੀ। ਭਗਤੀ ਲਹਿਰ ਦੇ ਦੋ ਅੰਗ ਹਨ : ਸਰਗੁਨ ਭਗਤੀ ਅਤੇ ਨਿਰਗੁਨ ਭਗਤੀ। ਗੁਰਮਤਿ ਲਹਿਰ ਨੂੰ ਆਮਤੌਰ ਤੇ ਨਿਰਗੁਨ ਭਗਤੀ ਤਹਿਤ ਵਿਚਾਰਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨਿਰਗੁਣ ਧਾਰਾ ਨੂੰ ਪ੍ਰਣਾਈ ਹੋਈ ਹੈ ਅਤੇ ਮੂਲ ਮੰਤਰ ਵਿਚ ਉਸ ਦੀ ਵਿਆਖਿਆ ਕੀਤੀ ਮਿਲਦੀ ਹੈ।

ਗੁਰਮਤਿ ਭਗਤੀ-ਮਾਰਗ ਸਹਿਜ ਦਾ ਮਾਰਗ ਹੈ। ਇਸ ਵਿਚ ਸੂਫੀਆਂ ਵਾਂਗ ਅਤੇ ਚੈਤੰਨਿਆ ਦੇ ਪੈਰੋਕਾਰਾਂ ਵਾਂਗ ਨੱਚਣ ਕੁੱਦਣ ਦੀ ਮਨਾਹੀ ਹੈ। ਮਸਤੀ ਦਾ ਸਰੂਪ ਸ਼ਾਂਤਮਈ, ਸਹਿਜ ਅਤੇ ਅਨੰਦਮਈ ਹੈ, ਭੜਕੀਲਾ ਅਤੇ ਉਤੇਜਿਤ ਨਹੀਂ। ਇਹ ਹਉਮੈ ਰਹਿਤ ਹੈ। ਇਸ ਦੀ ਪ੍ਰਾਪਤੀ ਸੱਚੇ ਗੁਰੂ ਦੁਆਰਾ ਹੋ ਸਕਦੀ ਹੈ :

ਭਗਤਿ ਕਰਹਿ ਮੂਰਖ ਆਪੁ ਜਣਾਵਹਿ।
ਨਚਿ ਨਚਿ ਟਪਹਿ ਬਹੁਤੁ ਦੁਖੁ ਪਾਵਹਿ।
ਨਚਿਐ ਟਪਿਐ ਭਗਤਿ ਨ ਹੋਇ।
ਸਬਦਿ ਮਰੈ ਭਗਤਿ ਪਾਏ ਜਨੁ ਸੋਇ।

(ਗਉੜੀ ਮਃ 3, ਪੰਨਾ 159)

ਭਗਤੀ ਦੀ ਪ੍ਰਾਪਤੀ ਭਾਗਾਂ ਨਾਲ ਹੁੰਦੀ ਹੈ ਅਤੇ ਸੱਚੇ ਗੁਰੂ ਤੋਂ ਬਿਨਾ ਇਹ ਦਾਤ ਨਹੀਂ ਮਿਲਦੀ। ਇਸ ਦਾਤ ਨੂੰ ਰਿਸ਼ੀ ਮੁਨੀ ਅਤੇ ਦੇਵੀ ਦੇਵਤੇ ਵੀ ਲੋਚਦੇ ਰਹਿੰਦੇ ਹਨ :

ਇਸੁ ਭਗਤੀ ਨੋ ਸੁਰਿ ਨਰ ਮੁਨਿ ਜਨ ਲੋਚਦੇ ਵਿਣੁ ਸਤਿਗੁਰ ਪਾਈ ਨ ਜਾਇ।
ਪੰਡਿਤ ਪੜਦੇ ਜੋਤਿਕੀ ਤਿਨ ਬੂਝ ਨ ਪਾਇ।

(ਆਸਾ ਮਃ 3, ਪੰਨਾ 425)

ਭਗਤੀਹੀਣ ਪ੍ਰਾਣੀ ਨੂੰ ਘਾਟੇ ਅਤੇ ਤਕਲੀਫਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਇਸ ਦਾ ਉਲੇਖ ਗੁਰਬਾਣੀ ਵਿਚ ਕਈ ਵਾਰ ਹੋਇਆ ਹੈ। ਭਗਤੀ ਤੋਂ ਬਿਨਾ ਤਨ ਅਤੇ ਮਨ ਦੋਵੇਂ ਰੋਗੀ ਹੋ ਜਾਂਦੇ ਹਨ। ਸਾਰਾ ਜਗਤ ਬੌਂਦਲਿਆ ਫਿਰਦਾ ਹੈ, ਜਨਮ ਬਿਰਥਾ ਚਲਾ ਜਾਂਦਾ ਹੈ ਅਤੇ ਪ੍ਰਾਣੀ ਚਉਰਾਸੀ ਦੇ ਗੇੜੇ ਵਿਚ ਪਿਆ ਰਹਿੰਦਾ ਹੈ। ਹੇਠ ਦਿੱਤੀਆਂ ਤੁਕਾਂ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਭਗਤੀ ਦੀ ਮਨੁੱਖੀ ਜੀਵਨ ਵਿਚ ਕਿਉਂ ਏਨੀ ਅਹਿਮੀਅਤ ਹੈ :

ਬਿਨ ਭਗਤੀ ਤਨੁ ਹੋਸੀ ਛਾਰੁ।

(ਗਉੜੀ ਸੁਖਮਨੀ ਮਃ 5, ਪੰਨਾ 290)

ਬਿਨ ਭੈ ਭਗਤੀ ਜਨਮੁ ਬਿਰੰਥ।

(ਆਸਾ ਮ: 1, ਪੰਨਾ 413)

ਨਾਨਕ ਬਿਨੁ ਭਗਤੀ ਜਗੁ ਬਉਰਾਨਾ ਸਚੈ ਸਬਦਿ ਮਿਲਾਈ।

(ਆਸਾ ਮ: 3, ਪੰਨਾ 440)

ਬਿਨੁ ਭਗਤੀ ਸੁਖੁ ਨ ਹੋਈ ਦੂਜੇ ਪਤਿ ਖੋਈ ਗੁਰਮਤਿ ਨਾਮੁ ਅਧਾਰੇ।

(ਵਡਹੰਸ ਮ: 3, ਪੰਨਾ 570)

ਬਿਨੁ ਹਰਿ ਭਗਤੀ ਦੂਖ ਘਣੇਰੇ।

(ਬਸੰਤ ਮ: 1, ਪੰਨਾ 1189)

ਭਗਤੀ ਤੋਂ ਹੋਣ ਵਾਲੇ ਫਾਇਦੇ ਅਤੇ ਪ੍ਰਾਪਤੀਆਂ ਦਾ ਲੇਖਾ ਜੋਖਾ ਵੀ ਗੁਰਬਾਣੀ ਵਿਚ ਮਿਲਦਾ ਹੈ। ਭਗਤੀ ਕਰਨ ਨਾਲ ਮਨ ਅਤੇ ਤਨ ਪਵਿੱਤਰ ਹੋ ਜਾਂਦੇ ਹਨ। ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ।

ਅਨਦਿਨੁ ਭਗਤੀ ਰਤਿਆ ਮਨੁ ਤਨੁ ਨਿਰਮਲੁ ਹੋਇ।

(ਸਿਰੀ ਰਾਗ ਮ: 3, ਪੰਨਾ 27)

ਹਰਿ ਸਚਾ ਗੁਰ ਭਗਤੀ ਪਾਈਐ ਸਹਜੇ ਮੰਨਿ ਵਸਾਵਣਿਆ।

(ਮਾਝ ਮ: 3, ਪੰਨਾ 116)

ਅਨਦਿਨੁ ਭਗਤੀ ਰਤਿਆ ਹਰਿ ਨਾਮੇ ਸੁਖਿ ਸਮਾਏ

(ਗਉੜੀ ਮ: 3, ਪੰਨਾ 162)

ਨਾਮ ਖਜਾਨਾ ਭਗਤੀ ਪਾਇਆ ਮਨ ਤਨ ਤ੍ਰਿਪਤਿ ਅਘਾਏ।

(ਗਉੜੀ ਮ: 5, ਪੰਨਾ 208)

ਭਗਤੀ ਦੀ ਦਾਤ ਵੀ ਪ੍ਰਭੂ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ। ਕਈ ਮਨੁੱਖ ਤਾਂ ਭਰਮ ਭੁਲੇਖੇ ਵਿਚ ਹੀ ਭਟਕਦੇ ਰਹਿੰਦੇ ਹਨ ਅਤੇ ਜਿਨ੍ਹਾਂ ਉਪਰ ਕ੍ਰਿਪਾ ਹੋ ਜਾਵੇ ਉਹ ਭਗਤੀ ਵਿਚ ਲੀਨ ਹੋ ਜਾਂਦੇ ਹਨ।

ਇਕਿ ਭਰਮਿ ਭੁਲਾਏ ਇਕਿ ਭਗਤੀ ਰਾਤੇ ਤੇਰਾ ਖੇਲੁ ਅਪਾਰਾ।

(ਸੋਰਠ ਮ: 1, ਪੰਨਾ 635)

ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ।

(ਸੂਹੀ ਮ: 4, ਪੰਨਾ 758)

ਬਿਨੁ ਭਗਤੀ ਨਹੀ ਸਤਿਗੁਰ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ।

(ਬਸੰਤ ਹਿੰਡੋਲ ਮ: 1, ਪੰਨਾ 1171)

ਭਗਤੀ ਤੋਂ ਬਿਨਾ ਆਵਾਗਉਣ ਦਾ ਚੱਕਰ ਚੱਲਦਾ ਰਹਿੰਦਾ ਹੈ :

ਏਕਾ ਭਗਤਿ ਏਕੋ ਹੈ ਭਾਉ।
ਬਿਨੁ ਭੈ ਭਗਤੀ ਆਵਉ ਜਾਉ।

(ਬਸੰਤ ਮ: 1, ਪੰਨਾ 1188)

ਇਕ ਅਹਿਮ ਸਵਾਲ ਉਠਦਾ ਹੈ ਕਿ ਭਗਤੀ ਲਈ ਕਿਹੜਾ ਸਮਾਂ ਮੁਬਾਰਕ ਮੰਨਿਆ ਗਿਆ ਹੈ? ਜਿਵੇਂ ਨਾਮ ਅਤੇ ਸਿਮਰਨ ਦੇ ਸੰਕਲਪਾਂ ਵਿਚ ਦੱਸਿਆ ਗਿਆ ਸੀ ਕਿ ਹਰ ਸਮਾਂ ਢੁਕਵਾਂ ਹੈ ਪ੍ਰੰਤੂ ਫਿਰ ਵੀ ਅੰਮ੍ਰਿਤ ਵੇਲਾ ਸ਼ੁਭ ਮੰਨਿਆ ਗਿਆ ਹੈ।

ਗੁਰੂ ਰਾਮਦਾਸ ਜੀ ਦਾ ਫ਼ੁਰਮਾਨ ਹੈ ਕਿ ਅੰਮ੍ਰਿਤ ਵੇਲਾ ਭਗਤੀ ਲਈ ਮੁਬਾਰਕ ਸਮਾਂ ਹੈ:

ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ।

ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ।
ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ।

(ਸੂਹੀ ਮ: 4, ਪੰਨਾ 734)

ਭਗਤ ਕਬੀਰ ਜੀ ਕਰਮ ਕਾਂਡ ਨੂੰ ਨਿਕਾਰਦੇ ਹਨ ਅਤੇ ਪ੍ਰੇਮਾ ਭਗਤੀ ਦੀ ਜੁਗਤ ਨੂੰ ਪ੍ਰਚਾਰਦੇ ਹਨ:

ਕਿਆ ਜਪ ਕਿਆ ਤਪ ਸੰਜਮੋ ਕਿਆ ਬਰਤੁ ਕਿਆ ਇਸਨਾਨੁ।
ਜਬ ਲਗ ਜੁਗਤਿ ਨਾ ਜਾਨੀਐ ਭਾਉ ਭਗਤਿ ਭਗਵਾਨ।

(ਗਉੜੀ ਕਬੀਰ ਜੀ, ਪੰਨਾ 337)

✵✵✵

# 25.

# ਗੁਰਬਾਣੀ ਵਿਚ ਸਤਸੰਗਤਿ ਦੀ ਵਿਆਖਿਆ

ਗੁਰੂ ਗ੍ਰੰਥ ਸਾਹਿਬ ਵਿਚ 'ਸਤਸੰਗਤਿ' ਪਦ 125 ਵਾਰ ਆਉਂਦਾ ਹੈ ਅਤੇ ਸੰਗਤਿ 188 ਵਾਰ। ਹਰ ਧਰਮ ਵਿਚ ਧਾਰਮਿਕ ਅਸਥਾਨ ਹੋਇਆ ਕਰਦੇ ਸਨ ਜਿਥੇ ਸ਼ਰਧਾਲੂ ਪ੍ਰਾਥਨਾ ਕਰਨ ਲਈ ਜਾਂਦੇ ਸਨ। ਸ਼ਰਧਾਲੂਆਂ ਦੇ ਇਸ ਇਕੱਠ ਨੂੰ 'ਸੰਗਤਿ' ਦਾ ਨਾਮ ਦਿੱਤਾ ਗਿਆ। ਜਦੋਂ ਗੁਰੂ ਨਾਨਕ ਸਾਹਿਬ ਨੇ ਰਾਵੀ ਦੇ ਕੰਢੇ ਕਰਤਾਰਪੁਰ ਵਸਾਇਆ ਤਾਂ ਸਿੱਖ ਸ਼ਰਧਾਲੂ ਦੂਰੋਂ ਨੇੜਿਓਂ ਬਾਬੇ ਦੇ ਦਰਸ਼ਨਾਂ ਲਈ ਆਉਣੇ ਸ਼ੁਰੂ ਹੋ ਗਏ। ਸਵੇਰੇ ਆਸਾ ਦੀ ਵਾਰ ਅਤੇ ਸ਼ਾਮ ਨੂੰ ਰਹਿਰਾਸ ਦੇ ਸਮੇਂ ਸੰਗਤਿ ਜੁੜਨੀ ਸ਼ੁਰੂ ਹੋ ਗਈ। ਕਿਉਂਕਿ ਸੰਗਤਿ ਸੱਚੇ ਪ੍ਰਭੂ ਦੀ ਸਿਫ਼ਤ ਸਲਾਹ ਲਈ ਜੁੜਦੀ ਸੀ ਜਿਸ ਕਰਕੇ ਗੁਰਬਾਣੀ ਵਿਚ 'ਸਤਸੰਗਤਿ' ਪਦ ਦੀ ਵਰਤੋਂ ਹੋਈ ਹੈ।

ਸਿਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਸਤਸੰਗਤਿ ਦੀ ਪ੍ਰੀਭਾਸ਼ਾ ਵੀ ਦਿੰਦੇ ਹਨ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਸਤਸੰਗਤਿ ਉਹ ਇਕੱਠ ਹੈ ਜਿਥੇ ਕੇਵਲ ਇਕ ਪ੍ਰਭੂ ਦੇ ਨਾਮ ਦਾ ਸਿਮਰਨ ਹੋਵੇ। ਸੰਗਤ ਵਿਚ ਜੁੜੇ ਸਿੱਖ ਸ਼ਰਧਾਲੂਆਂ ਦਾ ਫੋਕਸ ਬਿੰਦੂ ਪ੍ਰਮਾਤਮਾ ਹੋਣਾ ਜ਼ਰੂਰੀ ਹੈ। ਇਸੇ ਕਰਕੇ ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ ਗੁਰਦਵਾਰੇ ਵਿਚ ਜੁੜੀ ਭੀੜ ਸਤਸੰਗਤਿ ਨਹੀਂ ਕਹਿਲਾਉਂਦੀ ਜਿੰਨਾ ਚਿਰ ਉਸ ਦੇ ਸਾਰੇ ਮੈਂਬਰ 'ਸੁਰਤ' ਦੁਆਰਾ ਪ੍ਰਭੂ ਚਰਨਾਂ ਨਾਲ ਜੁੜੇ ਨਹੀਂ ਹੁੰਦੇ। ਗੁਰਬਾਣੀ ਵਿਚ ਸਤਸੰਗਤਿ ਕਿਸ ਨੂੰ ਕਹਿੰਦੇ ਹਨ ?

ਸਤਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮ ਵਖਾਣੀਐ।
ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ।

(ਸਿਰੀ ਰਾਗ ਮ: 1, ਪੰਨਾ 72)

ਗੁਰਬਾਣੀ ਵਿਚ ਦੱਸਿਆ ਗਿਆ ਹੈ ਕਿ ਸਤਸੰਗਤਿ ਦੀ ਪ੍ਰਾਪਤੀ ਭਾਗਾਂ ਨਾਲ ਹੁੰਦੀ ਹੈ। ਜੇਕਰ ਵਾਹਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦੇ ਪਾਤਰ ਨਾ ਬਣੀਏ ਤਾਂ ਇਸ ਦੀ ਪ੍ਰਾਪਤੀ ਨਹੀਂ ਹੁੰਦੀ :

ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ।

(ਸਿਰੀ ਰਾਗ ਮ: 3, ਪੰਨਾ 29)

ਪੋਤੈ ਜਿਨ ਕੈ ਪੁੰਨੁ ਹੈ ਤਿਨ ਸਤਸੰਗਤਿ ਮੇਲਾਇ।

(ਸਿਰੀ ਰਾਗ ਮ: 3, ਪੰਨਾ 30)

ਸਿੱਖ ਧਰਮ ਵਿਚ ਸਤਸੰਗਤਿ ਦੀ ਅਹਿਮੀਅਤ ਉਪਰ ਬਹੁਤ ਜੋਰ ਦਿਤਾ ਗਿਆ ਹੈ। ਇਸ ਦੇ ਕੀ ਕਾਰਨ ਹਨ ? ਇਸ ਦਾ ਉਤਰ ਗੁਰਬਾਣੀ ਵਿਚੋਂ ਮਿਲ ਜਾਂਦਾ ਹੈ। ਸਤਸੰਗਤਿ ਵਿਚ ਪ੍ਰਭੂ ਦਾ ਵਾਸਾ ਹੈ। 'ਨਾਮ' ਦੀ ਕਮਾਈ ਲਈ ਸਤਸੰਗਤਿ ਢੁਕਵੀਂ ਸੰਸਥਾ ਹੈ। ਨਾਮ ਦਾ ਜਾਪ ਇਕੱਲਾ ਸਿੱਖ ਵੀ ਕਰ ਸਕਦਾ ਹੈ ਪ੍ਰੰਤੂ ਜਦੋਂ ਉਹ ਸਤਸੰਗਤਿ ਵਿਚ ਮਿਲ ਬੈਠ ਕੇ 'ਨਾਮ ਜਪ' ਕਰਦਾ ਹੈ ਤਾਂ ਇਸ ਦਾ ਪ੍ਰਭਾਵ ਕਈ ਗੁਣਾਂ ਹੋ ਜਾਂਦਾ ਹੈ। ਭੌਤਿਕ ਵਿਗਿਆਨ ਦੀ ਇਕ ਉਦਾਹਰਣ ਇਸ ਪ੍ਰਭਾਵ ਨੂੰ ਸਮਝਣ ਵਿਚ ਸਹਾਈ ਹੋਵੇਗੀ। ਫੌਜੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਪੈਨਟੂਨ ਦੇ ਪੁਲ ਨੂੰ ਪਾਰ ਕਰਨਾ ਹੋਵੇ ਤਾਂ ਕਦਮ ਮਿਲਾ ਕੇ ਨਹੀਂ ਚੱਲਣਾ ਚਾਹੀਦਾ। ਜੇਕਰ ਫੌਜੀ ਕਦਮ ਮਿਲਾ ਕੇ ਮਾਰਚ ਕਰਦੇ ਹੋਏ ਪੁਲ ਉਪਰੋਂ ਲੰਘਣਗੇ ਤਾਂ ਇਹ ਟੁੱਟ ਸਕਦਾ ਹੈ। ਕਿਉਂਕਿ ਫੌਜੀਆਂ ਦੀ ਮਾਰਚ ਅਨੁਨਾਦ (Resonance) ਪੈਦਾ ਕਰਦੀ ਹੈ ਜੋ ਪੁਲ ਨੂੰ ਤੀਬਰ ਕੰਬਣੀ ਛੇੜ ਕੇ ਤਬਾਹ ਕਰ ਸਕਦੀ ਹੈ। ਸਤਸੰਗਤਿ ਵਿਚ ਕੀਰਤਨ ਕਥਾ ਦੁਆਰਾ ਕੀਤਾ 'ਨਾਮ ਜਪ' ਵੀ ਅਨੁਨਾਦ ਪੈਦਾ ਕਰਦਾ ਹੈ ਜੋ ਪ੍ਰਭੂ ਮਿਲਾਪ ਲਈ ਸਹਾਈ ਹੁੰਦਾ ਹੈ, ਕਿਉਂਕਿ ਇਹ ਮਿਲਾਪ ਵਿਚ ਆਉਣ ਵਾਲੀਆਂ ਸਾਰੀਆਂ ਰੋਕਾਂ ਤੋੜ ਦਿੰਦਾ ਹੈ।

ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ।

(ਗੂਜਰੀ ਮ: 5, ਪੰਨਾ 10)

ਸਤਸੰਗਤਿ ਮਹਿ ਨਾਮੁ ਹਰਿ ਉਪਜੈ ਜਾ ਸਤਿਗੁਰੁ ਮਿਲੈ ਸੁਭਾਏ।

(ਸਿਰੀ ਰਾਗ ਮ: 3, ਪੰਨਾ 67)

ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ।

(ਮਾਝ ਮ: 4, ਪੰਨਾ 94)

ਮਿਲਿ ਸਤਸੰਗਤਿ ਹਰਿ ਨਾਮੁ ਧਿਆਈਐ।
ਨਾਨਕ ਹਰਿ ਕਥਾ ਸੁਣੀ ਮੁਖਿ ਬੋਲੀ ਗੁਰਮਤਿ ਹਰਿ ਨਾਮਿ ਪਰੀਚੈ ਜੀਉ।

(ਮਾਝ ਮ: 4, ਪੰਨਾ 96)

ਸਤਸੰਗਤਿ ਦੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਗੁਰਬਾਣੀ ਵਿਚ ਕਈ ਵਾਰ ਹੋਇਆ ਹੈ। ਦਰਅਸਲ, ਸਿੱਖੀ ਮਾਰਗ ਸਤਸੰਗਤਿ ਦੀ ਮਹਿਮਾ ਦਾ ਮਾਰਗ ਹੈ। ਸਿੱਖ ਸਮਾਜਿਕ ਪ੍ਰਾਣੀ ਹੈ, ਉਹ ਸਮਾਜੀ ਭਗੌੜਾ ਨਹੀਂ ਬਣ ਸਕਦਾ। ਧਰਮ ਦੀ ਕਿਰਤ ਵਿਰਤ ਕਰਕੇ ਸਿੱਖ ਨੇ ਸਮਾਜ ਦੀ ਬਿਹਤਰੀ ਲਈ ਜੂਝਣਾ ਹੈ। ਸੰਗਤੀ ਰੂਪ ਵਿਚ ਉਸ ਦੀ ਸ਼ਮੂਲੀਅਤ ਜ਼ਰੂਰੀ ਹੈ ਕਿਉਂਕਿ ਸਤਸੰਗਤਿ ਜੀਵਨ-ਜਾਚ ਦਾ ਵੀ ਸਰੋਤ ਹੈ।

ਸਤਸੰਗਤਿ ਮਿਲਿ ਸਭ ਸੋਝੀ ਪਾਏ।
ਗੁਰ ਕਾ ਸਬਦੁ ਹਰਿ ਭਗਤਿ ਦ੍ਰਿੜਾਏ।
ਭਾਣਾ ਮੰਨੇ ਸਦਾ ਸੁਖੁ ਹੋਇ।
ਨਾਨਕ ਸਚਿ ਸਮਾਵੈ ਸੋਇ।

(ਆਸਾ ਮ: 3, ਪੰਨਾ 364)

ਸਤਸੰਗਤਿ ਦਾ ਸਰੋਤ ਅਤੇ ਸੋਮਾ ਪੂਰਾ ਗੁਰੂ ਹੈ। ਸਿੱਖਾਂ ਲਈ ਪੂਰਾ ਗੁਰੂ, ਗੁਰੂ ਗ੍ਰੰਥ ਸਾਹਿਬ ਹੈ ਜਿਸ ਦੀ ਛਤਰਛਾਇਆ ਹੇਠ ਹੀ ਸਤਸੰਗਤਿ ਸੁਸ਼ੋਭਿਤ ਹੋ ਸਕਦੀ ਹੈ :

ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ।
ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ।
ਜਿਨਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ।

(ਆਸਾ ਮ: 3, ਪੰਨਾ 427)

ਸਤਸੰਗਤਿ ਦੇ ਮਿਲਾਪ ਨੂੰ ਸ਼ਹਿਦ ਦੇ ਛੱਤੇ ਨਾਲ ਤਰਜ਼ੀਹ ਦਿਤੀ ਗਈ ਹੈ। ਗੁਰਸਿੱਖ ਨੂੰ ਸਤਸੰਗਤਿ ਨਾਲ ਇਸ ਤਰ੍ਹਾਂ ਜੁੜਨਾ ਚਾਹੀਦਾ ਹੈ ਜਿਵੇਂ ਸ਼ਹਿਦ ਦੀ ਮੱਖੀ ਆਪਣੇ ਛੱਤੇ ਨਾਲ ਚੰਬੜੀ ਹੁੰਦੀ ਹੈ :

ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ।

(ਆਸਾ ਭਗਤ ਰਵਿਦਾਸ ਜੀ, ਪੰਨਾ 486)

ਗੁਰਬਾਣੀ ਵਿਚ ਸਤਸੰਗਤਿ ਵਿਹੂਣੇ ਮਨੁੱਖਾਂ ਲਈ ਤਾੜਨਾ ਵੀ ਕੀਤੀ ਗਈ ਹੈ। ਗੁਰੂ ਰਾਮਦਾਸ ਐਸੇ 'ਗੁਰੂ-ਮਾਰੇ' ਸਿੱਖਾਂ ਦੀ ਵਿਥਿਆ ਬਿਆਨ ਕਰਦੇ ਹਨ:

ਧੁਰਿ ਮਾਰੇ ਪੂਰੇ ਸਤਿਗੁਰੂ ਸੇਈ ਹੁਣਿ ਸਤਿਗੁਰਿ ਮਾਰੇ।
ਜੇ ਮੇਲਣ ਨੋ ਬਹੁਤੇਰਾ ਲੋਚੀਐ ਨ ਦੇਈ ਮਿਲਣ ਕਰਤਾਰੇ।
ਸਤਸੰਗਤਿ ਢੋਈ ਨ ਲਹਨਿ ਵਿਚਿ ਸੰਗਤਿ ਗੁਰਿ ਵੀਚਾਰੇ।
ਕੋਈ ਜਾਇ ਮਿਲੈ ਹੁਣਿ ਓਨਾ ਨੋ ਤਿਸੁ ਮਾਰੇ ਜਮੁ ਜੰਦਾਰੇ।
ਗੁਰਿ ਬਾਬੈ ਫਿਟਕੇ ਸੇ ਫਿਟੇ ਗੁਰਿ ਅੰਗਦਿ ਕੀਤੇ ਕੂੜਿਆਰੇ।
ਗੁਰਿ ਤੀਜੀ ਪੀੜੀ ਵੀਚਾਰਿਆ ਕਿਆ ਹਥ ਏਨਾ ਵੇਚਾਰੇ।
ਗੁਰਿ ਚਉਥੀ ਪੀੜੀ ਟਿਕਿਆ ਤਿਨਿ ਨਿੰਦਕ ਦੁਸਟ ਸਭਿ ਤਾਰੇ।

(ਗਉੜੀ ਮਃ 4, ਪੰਨਾ 307)

ਸਤਸੰਗਤਿ ਦੀ ਪ੍ਰਾਪਤੀ ਵੀ ਪ੍ਰਭੂ ਕ੍ਰਿਪਾ ਨਾਲ ਹੀ ਹੁੰਦੀ ਹੈ :

ਸਤਸੰਗਤਿ ਮਹਿ ਤਿਨ ਹੀ ਵਾਸਾ ਜਿਨ ਕਉ ਧੁਰਿ ਲਿਖਿ ਪਾਈ ਹੇ।

(ਮਾਰੂ ਸੋਲਹੇ ਮਃ 3, ਪੰਨਾ 1044)

ਸਤਸੰਗਤਿ ਦੇ ਮਿਲਾਪ ਤੋਂ ਮਾਇਆ ਦਾ ਜਾਲ ਟੁੱਟ ਜਾਂਦਾ ਹੈ, ਨਾਮ ਦੀ ਸਿਫਤ-ਸਲਾਹ ਵਿਚ ਜੁੜੀਦਾ ਹੈ ਅਤੇ ਸੁੱਧ, ਬੁੱਧ ਅਤੇ ਸੁਰਤਿ ਦੀ ਪ੍ਰਾਪਤੀ ਹੁੰਦੀ ਹੈ:

ਕਰ ਕਿਰਪਾ ਮੇਲਹੁ ਸਤਸੰਗਤਿ ਤੂਟ ਗਈ ਮਾਇਆ ਜਮ ਜਾਲੀ।

(ਭੈਰਉ ਮਃ 4, ਪੰਨਾ 1134)

ਮਿਲਿ ਸਤਸੰਗਤਿ ਨਾਮੁ ਸਲਾਹਹੁ ਆਤਮ ਰਾਮੁ ਸਖਾਈ ਹੇ।

(ਬਿਲਾਵਲ ਮਃ 4, ਪੰਨਾ 855)

ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ ਸਤਸੰਗਤਿ ਗੁਰ ਪਿਆਰ।

(ਮਲਾਰ ਮਃ 1, ਪੰਨਾ 1256)

ਸਤਸੰਗਤਿ ਕਰਨ ਵਾਲੇ ਗੁਰਸਿੱਖ ਨੂੰ ਸਾਰੇ ਤੀਰਥਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ। ਉਹ ਯੋਗੀਆਂ ਦਾ ਯੋਗੀ ਬਣ ਜਾਂਦਾ ਹੈ, ਜੋ ਯੋਗਾ ਅਭਿਆਸ ਦੁਆਰਾ ਕੁੰਡਲਨੀ ਨੂੰ ਸੋਧਣ ਵਿਚ ਲਗੇ ਰਹਿੰਦੇ ਹਨ। ਗੁਰਬਾਣੀ ਸਤਸੰਗਤਿ ਨੂੰ ਬਹੁਤ ਹੀ ਮਹਾਨ ਸੰਸਥਾ ਦੱਸ ਰਹੀ ਹੈ ਜੋ ਵਿਸ਼ਵ ਕਲਿਆਣਕਾਰੀ ਸਿੱਧ ਹੋ ਸਕਦੀ ਹੈ ਜੇਕਰ ਗੁਰਸਿੱਖ ਗੁਰਬਾਣੀ ਨੂੰ ਜੀਵਨ ਦਾ ਆਧਾਰ ਬਣਾ ਲੈਣ।

ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ।

(ਸਾਰੰਗ ਮਃ 5, ਪੰਨਾ 1212)

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ।

(ਸਵਈਏ ਮਃ 4, ਪੰਨਾ 1402)

✵✵✵

26.

# ਗੁਰਬਾਣੀ ਵਿਚ ਵਿਸਮਾਦੁ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਵਿਸਮਾਦੁ ਪਦ 28 ਵਾਰ ਆਉਂਦਾ ਹੈ ਅਤੇ ਇਸ ਦੇ ਦੋ ਹੋਰ ਰੂਪ ਬਿਸਮਾਦ ਅਤੇ ਬਿਸਮਾਦੁ ਕ੍ਰਮਵਾਰ 16 ਅਤੇ 13 ਵਾਰ ਆਉਂਦੇ ਹਨ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਇਨ੍ਹਾਂ ਤਿੰਨਾਂ ਪਦਾਂ ਦਾ ਅਰਥ ਇਕੋ ਹੀ ਹੈ : ਹੈਰਾਨ ਹੋਣਾ, ਅਸਚਰਜ ਹੋਣਾ। ਡਾ: ਜਸਵੰਤ ਸਿੰਘ ਨੇਕੀ ਹੋਰਾਂ 1979 ਦੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਨਾਨਕ ਸਿਮਰਤੀ ਵਿਖਿਆਨ ਸਮੇਂ ਵਿਸਮਾਦ ਦੀ ਪ੍ਰੀਭਾਸ਼ਾ ਪੇਸ਼ ਕੀਤੀ ਸੀ ਜੋ ਕਾਫੀ ਗੁੰਝਲਦਾਰ ਪ੍ਰਤੀਤ ਹੁੰਦੀ ਹੈ: "ਵਿਸਮਾਦ ਭਉ ਦਾ ਭਾਹ ਮਾਰਦੀ, ਸਨਮਾਨ ਨਾਲ ਭਰੀ, ਅਚੰਭੇ ਨਾਲ ਕੀਲੀ ਮਨ ਦੀ ਇਕ ਵਿਚਿਤ੍ਰ ਅਵਸਥਾ ਹੈ ਜਿਸ ਦੇ ਉਹਲੇ ਏਕਤਾ ਤੇ ਅਨੇਕਤਾ, ਸਰਲਤਾ ਤੇ ਜਟਿਲਤਾ, ਵੰਨ-ਸਵੰਨਤਾ ਅਤੇ ਇਕਸਾਰਤਾ ਦੇ ਵਿਰੋਧਾਭਾਸੀ ਤੱਤ ਇਕੋ ਵਕਤ ਪ੍ਰਵੇਸ਼ ਕਰਦੇ ਭਾਸਦੇ ਹਨ। ਸੁੰਦਰਤਾ ਦਾ ਅਨੁਭਵ ਬੜੀ ਹੱਦ ਤੱਕ ਬੌਧਿਕ ਅਨੁਭਵ ਹੈ, ਵਿਸਮਾਦ ਦਾ ਅਨੁਭਵ ਨਿਰਾ ਭਾਵੁਕ, ਜਾਂ ਰਸਿਕ ਅਨੁਭਵ ਹੈ, ਜਿਸ ਵਿਚ ਭਉ ਪੁੰਘਰ ਜਾਂਦਾ ਹੈ ਤੇ ਅਚੰਭੇ ਭਰੇ ਆਨੰਦ ਵਿਚ ਵਟ ਜਾਂਦਾ ਹੈ।"

ਡਾ: ਨੇਕੀ ਦੇ ਭਾਸ਼ਣ ਵਿਚ ਵਿਸਮਾਦ ਦੀਆਂ ਸੱਤ ਕਿਸਮਾਂ ਦਾ ਵੀ ਵਰਨਣ ਕੀਤਾ ਗਿਆ ਹੈ ਜੋ ਗੁਰਬਾਣੀ ਦੇ ਹਵਾਲੇ ਨਾਲ ਦਰਸਾਈਆਂ ਗਈਆਂ ਹਨ। ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਕੁਦਰਤ ਬਿਸਮਾਦ, ਹੁਕਮ ਬਿਸਮਾਦ, ਗੁਣ ਬਿਸਮਾਦ, ਸਬਦ ਬਿਸਮਾਦ, ਦਰਸ਼ਨ ਬਿਸਮਾਦ, ਲਯ ਬਿਸਮਾਦ ਅਤੇ ਵਾਹਗੁਰੂ।

ਗੁਰੂ ਨਾਨਕ ਸਾਹਿਬ ਪ੍ਰਭੂ ਦੀ ਕੁਦਰਤ ਦੇ ਨਜ਼ਾਰਿਆਂ ਤੋਂ ਬਲਿਹਾਰ ਹੋ ਕੇ ਵਿਸਮਾਦ ਦੀ ਅਵਸਥਾ ਵਿਚ ਵਿਚਰਦੇ ਹੋਏ ਬਾਣੀ ਦਾ ਉਚਾਰਣ ਕਰਿਆ ਕਰਦੇ ਸਨ। ਆਸਾ ਦੀ ਵਾਰ ਵਿਚ ਕੁਦਰਤ ਵਿਸਮਾਦ ਦੀ ਵਿਆਖਿਆ ਲਈ ਪੂਰਾ ਸਲੋਕ ਦਰਜ ਹੈ :

ਵਿਸਮਾਦੁ ਨਾਦ ਵਿਸਮਾਦੁ ਵੇਦ। ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ। ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ। ਵਿਸਮਾਦੁ ਅਗਨੀ ਖੇਡਹਿ ਵਿਡਾਣੀ।
ਵਿਸਮਾਦੁ ਧਰਤੀ ਵਿਸਮਾਦੁ ਖਾਣੀ। ਵਿਸਮਾਦੁ ਸਾਦਿ ਲਗਹਿ ਪਰਾਣੀ।
---------------------------------------------------------
ਵੇਖਿ ਵਿਡਾਣੁ ਰਹਿਆ ਵਿਸਮਾਦੁ। ਨਾਨਕ ਬੁਝਣੁ ਪੂਰੈ ਭਾਗਿ।

(ਆਸਾ ਮ: 1, ਪੰਨਾ 463)

ਵਿਸਮਾਦ ਦੀ ਅਵਸਥਾ ਕੇਵਲ ਹੈਰਾਨੀ ਦਾ ਪ੍ਰਗਟਾਵਾ ਨਹੀਂ ਹੁੰਦਾ ਬਲਕਿ ਇਹ ਕਿਸੇ ਪਰਾ-ਭੌਤਿਕ ਵਰਤਾਰੇ ਦੀ ਸੋਝੀ ਦਾ ਪ੍ਰਗਟਾਵਾ ਹੁੰਦਾ ਹੈ। ਗੁਰੂ ਨਾਨਕ ਸਾਹਿਬ ਕੁਦਰਤ ਦੇ ਵਰਤਾਰੇ ਵਿਚ ਕਾਦਰ ਨੂੰ ਵੇਖ ਕੇ ਅਚੰਭਿਤ ਹੋ ਜਾਂਦੇ ਹਨ। ਉਹ ਰਾਗ, ਨਾਦ, ਵੇਦ, ਜੀਅ ਜੰਤ, ਪਉਣ ਪਾਣੀ, ਧਰਤੀ ਅਤੇ ਹੋਰ ਪ੍ਰਪੰਚ ਨੂੰ ਵੇਖ ਕੇ ਪ੍ਰਭੂ ਦੀ ਰਚਨਾ ਤੋਂ ਬਲਿਹਾਰ ਜਾਂਦੇ ਹਨ।

ਗੁਰੂ ਅਮਰਦਾਸ ਜੀ ਆਪਣੀ ਬਾਣੀ ਵਿਚ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦੀ ਪੁਸ਼ਟੀ ਕਰਦੇ ਹਨ :

ਨਾਨਕ ਸੁਣਿ ਵੇਖਿ ਰਹਿਆ ਵਿਸਮਾਦੁ ਮੇਰਾ ਪ੍ਰਭੁ ਰਵਿਆ ਸਬ ਥਾਈ।

(ਰਾਮਕਲੀ ਮ: 3, ਪੰਨਾ 912)

ਪਰਪੰਚ ਵੇਖਿ ਰਹਿਆ ਵਿਸਮਾਦੁ। ਗੁਰਮੁਖਿ ਪਾਈਐ ਨਾਮ ਪ੍ਰਸਾਦਿ।

(ਬਸੰਤ ਮ: 3, ਪੰਨਾ 1174)

ਸੋ ਸਪਸ਼ਟ ਹੈ ਕਿ ਵਿਸਮਾਦ ਅਵਸਥਾ ਦਾ ਅਨੁਭਵ ਉਸ ਨੂੰ ਹੀ ਹੁੰਦਾ ਹੈ ਜੋ ਵਿਸਮਾਦੀ ਪ੍ਰਭੂ ਨਾਲ ਇਕ ਮਿਕ ਹੋ ਜਾਂਦਾ ਹੈ। ਪ੍ਰਭੂ ਆਪ ਆਪਣੀ ਰਚਨਾ ਵਿਚ ਵਿਦਮਾਨ ਹੈ ਜਿਸ ਕਰ ਕੇ ਸਾਰੇ ਪਰਪੰਚ ਵਿਚੋਂ ਉਸ ਦਾ ਝਲਕਾਰਾ ਨਜ਼ਰੀਂ ਪੈਂਦਾ ਹੈ। ਗੁਰੂ ਅਰਜਨ ਦੇਵ ਸੁਖਮਨੀ ਸਾਹਿਬ ਵਿਚ ਇਸ ਵਿਸਮਾਦ ਅਵਸਥਾ ਨੂੰ 'ਬਿਸਮਾਦ' ਪਦ ਨਾਲ ਬਿਆਨ ਕਰਦੇ ਹਨ :

ਬਿਸਮਨ ਬਿਸਮ ਭਏ ਬਿਸਮਾਦ। ਜਿਨਿ ਬੂਝਿਆ ਤਿਸੁ ਆਇਆ ਸ੍ਵਾਦ।

(ਗਉੜੀ ਸੁਖਮਨੀ ਮ: 5, ਪੰਨਾ 285)

ਬਿਸਮਾਦ ਦੀ ਅਵਸਥਾ ਬੌਧਿਕ ਪੱਧਰ ਤੋਂ ਉਪਰਲੀ ਅਵਸਥਾ ਹੈ ਜਿਥੇ ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਨਾ ਪੈਂਦਾ ਹੈ ਤਾਂ ਕਿ ਬਿਸਮਾਦ ਨੂੰ ਸਮਝਿਆ ਬੁਝਿਆ ਜਾ ਸਕੇ। ਕਿਉਂਕਿ ਇਹ ਅਨੁਭਵ ਦੀ ਅਵਸਥਾ ਹੈ ਜਿਸ ਕਰਕੇ ਇਸ ਨੂੰ ਬਿਆਨ ਕਰਨਾ ਅਸੰਭਵ ਹੋ ਜਾਂਦਾ ਹੈ :

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮ।
ਦੇਹੀ ਮਹਿ ਇਸ ਕਾ ਬਿਸ੍ਰਾਮ।
ਸੁੰਨ ਸਮਾਧਿ ਅਨਹਤ ਤਹ ਨਾਦ।
ਕਹਨੁ ਨ ਜਾਈ ਅਚਰਜ ਬਿਸਮਾਦ।

(ਗਉੜੀ ਸੁਖਮਨੀ ਮ: 5, ਪੰਨਾ 293)

ਗੁਰੂ ਅਰਜਨ ਦੇਵ 'ਬਿਸਮਾਦ' ਅਵਸਥਾ ਅਵਤਰਨ (ਪ੍ਰਾਪਤ ਹੋਣ) ਦੇ ਕਈ ਹੋਰ ਦ੍ਰਿਸ਼ਟਾਂਤ ਵੀ ਪੇਸ਼ ਕਰਦੇ ਹਨ ਜਿਵੇਂ ਕਿ ਕੁਦਰਤ ਦਾ ਪਸਾਰਾ, ਗੁਰੂ ਨਾਲ ਮਿਲਾਪ, ਅਨਹਦ ਸਬਦ ਅਤੇ ਅੰਮ੍ਰਿਤ ਰਸ ਦੀ ਪ੍ਰਾਪਤੀ :

ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ।

(ਗੂਜਰੀ ਮ: 5, ਪੰਨਾ 320)

ਪ੍ਰਭ ਕਿਰਪਾ ਤੇ ਗੁਰ ਮਿਲੇ ਹਰਿ ਹਰਿ ਬਿਸਮਾਦ।

(ਬਿਲਾਵਲ ਮ: 5, ਪੰਨਾ 810)

ਅਨਹਦ ਸਬਦ ਅਚਰਜ ਬਿਸਮਾਦ। ਗੁਰੁ ਪੂਰਾ ਪੂਰਾ ਪਰਸਾਦ।

(ਰਾਮਕਲੀ ਮ: 5, ਪੰਨਾ 1143)

ਪੀਵਤ ਅਮਿਉ ਮਨੋਹਰ ਹਰਿ ਰਸੁ ਜਪਿ ਨਾਲਕ ਹਰਿ ਬਿਸਮਾਦ।

(ਸਾਰੰਗ ਮ: 5, ਪੰਨਾ 1224)

ਇਕ ਜਗਹ ਬਿਸਮਾਦ ਦੀ ਵਰਤੋਂ ਦੁਨਿਆਵੀ ਅਸਚਰਜਤਾ ਲਈ ਵੀ ਹੋਈ ਹੈ। ਗੁਰੂ ਅਰਜਨ ਤਾੜਨਾ ਕਰ ਰਹੇ ਹਨ ਕਿ ਦੁਨਿਆਵੀ ਰਸਾਂ ਕਸਾਂ ਵਿਚ ਖੱਚਿਤ ਹੋਇਆ ਪ੍ਰਾਣੀ ਭੁੱਲ ਜਾਂਦਾ ਹੈ ਕਿ ਨਾਮ ਤੋਂ ਬਿਨਾਂ ਇਹ ਸਭ ਪ੍ਰਾਪਤੀਆਂ ਛਿਣ-ਭੰਗਰ ਅਤੇ ਅਸਥਾਈ ਹਨ।

ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ।
ਭਾਈ ਮੀਤ ਸੁਰਿਦ ਕੀਏ ਬਿਖਿਆ ਰਚਿਆ ਬਾਦੁ।
ਜਾਂਦੇ ਬਿਲਮ ਨ ਹੋਵਈ ਵਿਣੁ ਨਾਵੈ ਬਿਸਮਾਦੁ।

(ਸਿਰੀ ਰਾਗ ਮ: 5, ਪੰਨਾ 50)

ਗੁਰੂ ਅਰਜਨ 'ਬਿਸਮਾਦ' ਦੇ ਦ੍ਰਿਸ਼ਟਾਂਤ ਲਈ ਗੂੰਗੇ ਦੇ ਮਨ ਦੀ ਅਵਸਥਾ ਨਾਲ ਤਰਜ਼ੀਹ ਦਿੰਦੇ ਹਨ :

ਜਿਨਿ ਚਾਖਿਆ ਤਿਸੁ ਆਇਆ ਸਾਦੁ।
ਜਿਉ ਗੂੰਗਾ ਮਨ ਮਹਿ ਬਿਸਮਾਦੁ।

(ਬਿਲਾਬਲ ਮ: 5, ਪੰਨਾ 801)

ਸਿੱਧ ਗੋਸਟਿ ਵਿਚ ਗੁਰੂ ਨਾਨਕ ਸਾਹਿਬ ਸਿੱਧਾਂ ਦੇ ਪੁੱਛੇ ਸਵਾਲ ਦੇ ਉਤਰ ਵਿਚ 'ਬਿਸਮਾਦ' ਪਦ ਦੀ ਵਰਤੋਂ ਕਰਦੇ ਹਨ :

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ।

(ਰਾਮਕਲੀ ਸਿਧ ਗੋਸਟਿ, ਪੰਨਾ 940)

ਗੁਰੂ ਅਮਰਦਾਸ ਜੀ ਤਾੜਨਾ ਕਰਦੇ ਹਨ ਕਿ ਜੇਕਰ ਪ੍ਰਭੂ ਦੇ 'ਬਿਸਮਾਦ' ਪਸਾਰੇ ਨੂੰ ਵੇਖ ਕੇ ਵੀ ਪ੍ਰਾਣੀ ਉਸ ਦਾ ਸਿਮਰਨ ਨਹੀਂ ਕਰਦਾ ਤਾਂ ਉਹ ਅਵੱਸ਼ ਹੀ ਜੰਮਣ-ਮਰਣ ਦੇ ਗੇੜ ਵਿਚ ਪਿਆ ਰਹਿੰਦਾ ਹੈ :

ਦੇਖਿ ਬਿਸਮਾਦੁ ਇਹੁ ਮਨੁ ਨਹੀਂ ਚੇਤੇ ਆਵਾ ਗਉਣੁ ਸੰਸਾਰਾ।

(ਸਾਰੰਗ ਮ: 3, ਪੰਨਾ 1234)

ਭਾਈ ਗੁਰਦਾਸ ਆਪਣੀ ਰਚਨਾ ਵਿਚ ਸਿੱਖ ਜਗਤ ਲਈ ਗੁਰਬਾਣੀ ਦੇ ਗੁਹਜ ਭੇਦ ਖੋਹਲ ਕੇ ਸੇਧ ਪ੍ਰਦਾਨ ਕਰਦੇ ਹਨ ਅਤੇ 'ਵਾਹਿਗੁਰੂ' ਪਦ ਦੇ ਜਾਪ ਦੀ ਸਿਫਾਰਸ਼ ਕਰਦੇ ਹਨ :

ਸਤਿਗੁਰੁ ਪੁਰਖ ਦਇਆਲੁ ਹੋਇ ਵਾਹਗੁਰੂ ਸਚ ਮੰਤ੍ਰ ਸੁਣਾਯਾ।

(ਭਾਈ ਗੁਰਦਾਸ ਵਾਰ 11, ਪਉੜੀ 3)

ਗੁਰਬਾਣੀ ਵਿਚ ਵੀ ਗੁਰਸਿੱਖਾਂ ਲਈ ਵਾਹੁ ਵਾਹੁ ਜਾਪ ਦਾ ਆਦੇਸ਼ ਹੈ :

ਵਾਹੁ ਵਾਹੁ ਗੁਰ ਸਿਖੁ ਨਿਤ ਸਭ ਕਰਹੁ, ਗੁਰ ਪੂਰੇ ਵਾਹੁ ਵਾਹੁ ਭਾਵੈ।
ਨਾਨਕ ਵਾਹੁ ਵਾਹੁ ਜੋ ਮਨਿ ਚਿਤਿ ਕਰੇ, ਤਿਸ ਜਮ ਕੰਕਰੁ ਨੇੜਿ ਨ ਆਵੈ।

(ਗੂਜਰੀ ਮ: 3, ਪੰਨਾ 515)

ਸੋ ਸਪਸ਼ਟ ਹੈ ਕਿ ਵਿਸਮਾਦੀ ਅਵਸਥਾ ਵਿਚ ਗੁਰਸਿੱਖ 'ਵਾਹਗੁਰੂ' ਦਾ ਜਾਪ ਕਰੇ ਤਾਂ ਹੀ ਕਲਿਆਣਕਾਰੀ ਸਿੱਧ ਹੋ ਸਕਦਾ ਹੈ। ਕੇਵਲ ਤੋਤਾ ਰਟਨ ਨਹੀਂ।

✵✵✵

# 27.

# ਗੁਰਬਾਣੀ ਵਿਚ ਆਤਮਾ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਆਤਮਾ ਪਦ 12 ਵਾਰ, ਆਤਮੁ 21 ਵਾਰ ਅਤੇ ਆਤਮ 123 ਵਾਰ ਆਉਂਦਾ ਹੈ। ਹਿੰਦੂ ਗ੍ਰੰਥਾਂ ਵਿਚ ਆਤਮਾ ਦਾ ਵੇਰਵਾ ਬਹੁਤ ਵਿਸਥਾਰ ਸਹਿਤ ਮਿਲਦਾ ਹੈ। ਉਪਨਿਸ਼ਦਾਂ ਵਿਚ ਆਤਮਾ ਦੇ ਸਰੂਪ ਬਾਰੇ ਚਰਚਾ ਹੋਈ ਹੈ। ਦਰਅਸਲ ਆਤਮਾ ਪਰਮਾਤਮਾ ਦਾ ਹੀ ਅੰਸ਼ ਮੰਨਿਆ ਗਿਆ ਹੈ। ਜਿਸ ਕਰਕੇ ਮਨੁੱਖੀ ਸਰੀਰ, ਮਨ ਅਤੇ ਬੁੱਧੀ ਤੋਂ ਆਤਮਾ ਦੀ ਅਹਿਮੀਅਤ ਕਿਤੇ ਵਧੇਰੀ ਹੈ। ਗੀਤਾ ਵਿਚ ਜੋ ਉਪਦੇਸ਼ ਸਿਰਮੌਰ ਮੰਨਿਆ ਜਾਂਦਾ ਹੈ ਉਹ ਆਤਮਾ ਬਾਰੇ ਹੀ ਹੈ। ਕ੍ਰਿਸ਼ਨ ਮਹਾਰਾਜ ਅਰਜਨ ਨੂੰ ਸਮਝਾਉਂਦੇ ਹਨ ਕਿ ਸਰੀਰ ਦੇ ਨਸ਼ਟ ਹੋ ਜਾਣ ਨਾਲ ਆਤਮਾ ਨਹੀਂ ਮਰਦੀ। ਆਤਮਾ ਅਮਰ ਹੈ ਜੋ ਪ੍ਰਮਾਤਮਾ ਵਿਚ ਸਮਾ ਜਾਂਦੀ ਹੈ ਜਾਂ ਕਰਮਾਂ ਅਨੁਸਾਰ ਚੋਲਾ ਬਦਲਦੀ ਰਹਿੰਦੀ ਹੈ।

ਗੁਰਬਾਣੀ ਵਿਚ ਆਤਮਾ ਨੂੰ ਵੱਸ ਕਰਨ ਬਾਰੇ ਜਾਂ ਆਤਮਾ ਨੂੰ ਸਮਝਣ-ਬੁੱਝਣ ਬਾਰੇ ਵਿਸਥਾਰ ਵਿਚ ਚਰਚਾ ਹੋਈ ਹੈ :

ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ।

(ਗੂਜਰੀ ਮ: 3, ਪੰਨਾ 491)

ਆਤਮੁ ਚੀਨੈ ਸੁ ਤਤੁ ਬੀਚਾਰੇ।

(ਗਉੜੀ ਮ: 1, ਪੰਨਾ 224)

ਆਤਮੁ ਚੀਨਿ ਪਰਮ ਸੁਖੁ ਪਾਇਆ।

(ਆਸ ਮ: 5, ਪੰਨਾ 375)

ਆਤਮੁ ਚੀਨਿ ਭਏ ਨਿਰੰਕਾਰੀ।

(ਆਸਾ ਮ: 1, ਪੰਨਾ 415)

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ।

(ਆਸਾ ਮ: 1, ਪੰਨਾ 421)

ਉਪਰਲੀਆਂ ਤੁਕਾਂ ਵਿਚ ਆਤਮਾ ਦੇ ਗਿਆਨ ਜਾਂ ਚੀਨਣ ਦੀ ਅਹਿਮੀਅਤ ਦਰਸਾਈ ਗਈ ਹੈ। ਆਤਮਾ ਦਾ ਗਿਆਨ ਪਰਮ ਸੁੱਖ ਦੀ ਪ੍ਰਾਪਤੀ ਦਾ ਵਸੀਲਾ ਬਣ ਜਾਂਦਾ ਹੈ। ਆਤਮਾ ਦੀ ਸਮਝ ਪ੍ਰਮਾਤਮਾ ਨਾਲ ਮਿਲਾਪ ਕਰਾ ਦਿੰਦੀ ਹੈ ਕਿਉਂਕਿ ਆਤਮਾ ਪ੍ਰਮਾਤਮਾ ਦਾ ਹੀ ਅੰਸ਼ਿਕ ਰੂਪ ਹੈ। ਪ੍ਰਮਾਤਮਾ ਦੀ ਸਾਂਝ ਆਤਮਾ ਨਾਲ ਤਾਂ ਹੀ ਪੈਂਦੀ ਹੈ ਜੇਕਰ ਇਸ ਦਾ ਗਿਆਨ ਹਾਸਲ ਹੋ ਜਾਵੇ। ਗੁਰਬਾਣੀ ਵਿਚ ਤਾੜਨਾ ਕੀਤੀ ਗਈ ਹੈ, ਜੇਕਰ ਹਉਮੈ ਦੇ ਪ੍ਰਭਾਵ ਹੇਠ ਆਤਮਾ ਦਾ ਗਿਆਨ ਨਾ ਹੋਇਆ ਤਾਂ ਮਨੁੱਖ ਭਰਮ ਭੁਲੇਖੇ ਵਿਚ ਹੀ ਜੀਵਨ ਬਤੀਤ ਕਰਦਾ ਹੈ :

ਮੇਰਾ ਮੇਰਾ ਕਰਿ ਕਰਿ ਵਿਗੂਤਾ।  
ਆਤਮੁ ਨ ਚੀਨੈ ਭਰਮੈ ਵਿਚਿ ਸੂਤਾ।

(ਆਸ ਮ: 3, ਪੰਨਾ 362)

ਗੁਰਬਾਣੀ ਵਿਚ ਆਤਮਾ ਨੂੰ ਵੱਸ ਕਰਨ ਜਾਂ ਆਤਮਾ ਉਪਰ ਜਿੱਤ ਪ੍ਰਾਪਤ ਕਰਨ ਦੀ ਵੀ ਗੱਲ ਹੋਈ ਹੈ :

ਪ੍ਰਭ ਕਉ ਸਿਮਰਹਿ ਤਿਨ ਆਤਮੁ ਜੀਤਾ।

(ਗਉੜੀ ਸੁਖਮਨੀ ਮਃ 5, ਪੰਨਾ 263)

ਆਤਮੁ ਜੀਤਾ ਗੁਰਮਤੀ ਗੁਣ ਗਾਏ ਗੋਬਿੰਦ।
ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ।

(ਗਉੜੀ ਮਃ 5, ਪੰਨਾ 299)

ਕਿਉਂਕਿ ਆਤਮਾ ਪ੍ਰਮਾਤਮਾ ਤੋਂ ਵਿਛੜੀ ਹੋਈ ਹੈ। ਸੋ ਪ੍ਰਭੂ ਦੇ ਸਿਮਰਨ ਨਾਲ ਇਸ ਦਾ ਪ੍ਰਮਾਤਮਾ ਨਾਲ ਮੇਲ ਹੋ ਜਾਂਦਾ ਹੈ ਜਿਸ ਨੂੰ ਆਤਮਾ ਉਪਰ ਜਿੱਤ ਸਮਝਿਆ ਜਾ ਸਕਦਾ ਹੈ। ਦੂਸਰੀ ਤੁਕ ਵਿਚ ਗੁਰਮਤਿ ਦੀ ਵਿਧੀ ਦਵਾਰਾ ਸਿਮਰਨ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ ਜੋ ਆਤਮਾ ਉਪਰ ਵਸੀਕਰਨ ਲਈ ਸਹਾਈ ਹੁੰਦਾ ਹੈ।

ਆਤਮਾ-ਪ੍ਰਮਾਤਮਾ ਦੇ ਸਹਿ-ਸੰਬੰਧ ਬਾਰੇ ਗੁਰਬਾਣੀ ਵਿਚ ਪੁਸ਼ਟੀ ਹੋਈ ਹੈ। ਆਤਮਾ ਦੀ ਹਸਤੀ ਦੈਵੀ ਹੈ ਜਿਸ ਕਰਕੇ ਇਸ ਦਾ ਪ੍ਰਮਾਤਮਾ ਨਾਲ ਮਿਲਾਪ ਅਵੱਸ਼ ਹੋਣਾ ਹੈ, ਜੇਕਰ ਗੁਰੂ ਦੇ ਲੜ ਲੱਗੀਏ।

ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ।

(ਭੈਰਉ ਮਃ 1, ਪੰਨਾ 1153)

ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ।

(ਕਲਿਆਨ ਮਃ 4, ਪੰਨਾ 1325)

ਸਿੱਧ ਗੋਸਟਿ ਵਿਚ ਆਤਮਾ ਦੀ ਹਸਤੀ ਬਾਰੇ ਜ਼ਿਕਰ ਮਿਲਦਾ ਹੈ। ਸਿੱਧਾਂ ਨੇ ਗੁਰੂ ਨਾਨਕ ਤੋਂ ਪੁਛਿਆ ਸੀ ਕਿ ਆਤਮਾ ਦੀ ਪਹਿਚਾਣ ਕਿਵੇਂ ਹੋ ਸਕਦੀ ਹੈ? ਗੁਰੂ ਸਾਹਿਬ ਦਾ ਸਪਸ਼ਟ ਉਤਰ ਸੀ ਕਿ ਹਉਮੈ ਤੋਂ ਛੁਟਕਾਰਾ ਪਾ ਕੇ ਹੀ ਗੁਰਮੁੱਖ ਜਨ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ :

ਕਿਉ ਮੂਲੁ ਪਛਾਣੈ ਆਤਮੁ ਜਾਣੈ ਕਿਉ ਸਸਿ ਘਰਿ ਸੂਰੁ ਸਮਾਵੈ।
ਗੁਰਮੁਖਿ ਹਉਮੈ ਵਿਚਹੁ ਖੋਵੈ ਤਉ ਨਾਨਕ ਸਹਜਿ ਸਮਾਵੈ।

(ਰਾਮਕਲੀ ਸਿੱਧ ਗੋਸਟਿ ਮਃ 1, ਪੰਨਾ 945)

ਆਤਮਾ ਦੀ ਹਸਤੀ ਦੈਵੀ ਹੈ, ਇਹ ਮਨੁੱਖੀ ਸਰੀਰ ਵਿਚ ਵੱਸਦੀ ਹੋਈ ਵੀ ਸਰੀਰ ਦੀ ਭੌਤਿਕਤਾ ਤੋਂ ਉਪਰ ਹੈ। ਪ੍ਰੰਤੂ ਗੁਰਬਾਣੀ ਵਿਚ ਇਸ ਨੂੰ ਪੰਜ ਤੱਤਾਂ ਨਾਲ ਵੀ ਜੋੜਿਆ ਗਿਆ ਹੈ ਜੋ ਇਕ ਵਿਡੰਬਣਾ ਹੈ? ਪ੍ਰੋ. ਸਾਹਿਬ ਸਿੰਘ ਇਸ ਦਾ ਸੌਖਾ ਹੱਲ 'ਪੰਚ ਭੂ ਆਤਮਾ' ਨੂੰ 'ਸਤੋਗੁਣੀ ਮਨ' ਕਹਿ ਕੇ ਕਰ ਦਿੰਦੇ ਹਨ :

ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ।

(ਗਉੜੀ ਮਃ 5, ਪੰਨਾ 299)

ਪੰਚ ਭੂ ਆਤਮਾ ਵਸਿ ਕਰਹਿ ਤਾ ਤੀਰਥ ਕਰਹਿ ਨਿਵਾਸੁ।

(ਗਉੜੀ ਮਃ 3, ਪੰਨਾ 491)

ਗੁਰਬਾਣੀ ਵਿਚ ਜਿਸ ਪਦ ਦੀ ਸਭ ਤੋਂ ਵੱਧ ਵਰਤੋਂ ਹੋਈ ਹੈ, ਉਹ ਆਤਮਾ ਅਤੇ ਆਤਮੁ ਤੋਂ ਨਿਆਰਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਤਮ ਰਾਮੁ ਇਕੱਠਾ 134 ਵਾਰ ਆਇਆ ਹੈ। ਆਤਮ ਰਾਮੁ ਪ੍ਰਮਾਤਮਾ ਦਾ ਲਖਾਇਕ ਹੈ। ਇਹ ਉਹ ਆਤਮਾ ਹੈ ਜੋ ਸਾਰੀ ਸ੍ਰਿਸ਼ਟੀ ਵਿਚ ਸਮਾਈ ਹੋਈ ਹੈ ਕਿਉਂਕਿ 'ਰਾਮੁ' ਦਾ ਮਤਲਬ ਹੀ ਉਹ ਹਸਤੀ ਹੈ ਜੋ ਸਾਰੇ ਪਸਾਰੇ ਵਿਚ 'ਰਮਿਆ' ਹੋਇਆ ਹੈ। ਗੁਰਬਾਣੀ ਵਿਚ 'ਰਾਮੁ' ਪ੍ਰਭੂ ਦੇ ਨਾਮ ਦਾ ਪ੍ਰਤੀਕ ਹੈ, ਅਯੁੱਧਿਆ ਵਾਲੇ ਰਾਮ ਦਾ ਨਹੀਂ। ਆਤਮ

ਰਾਮੁ ਪ੍ਰਭੂ ਆਪ ਹੈ ਜੋ ਮਨੁੱਖੀ ਆਤਮਾ ਵਿਚ ਵੀ ਮੌਜੂਦ ਹੈ। ਗੁਰਬਾਣੀ ਆਤਮ ਰਾਮੁ ਅਤੇ ਆਤਮਾ ਜਾਂ ਆਤਮੁ ਦਾ ਨਿਖੇੜਾ ਕਰ ਦੇਂਦੀ ਹੈ :

ਗੁਰਮੁਖਿ ਮਨੁ ਸਮਝਾਈਐ ਆਤਮ ਰਾਮੁ ਬੀਚਾਰਿ।

(ਸਿਰੀ ਰਾਗ ਮਃ 1, ਪੰਨਾ 18)

ਗੁਰਮੁਖਿ ਅੰਮ੍ਰਿਤ ਬਾਣੀ ਬੋਲਹਿ ਸਭ ਆਤਮ ਰਾਮੁ ਪਛਾਣੀ।

(ਸਿਰੀ ਰਾਮ ਮਃ 1, ਪੰਨਾ 69)

ਆਤਮ ਰਾਮੁ ਪਰਗਾਸੁ ਗੁਰ ਤੇ ਹੋਵੈ।

(ਮਾਝ ਮਃ 3, ਪੰਨਾ 123)

ਹਰਿ ਆਤਮ ਰਾਮੁ ਪਸਾਰਿਆ ਮੇਰੇ ਗੋਵਿੰਦਾ ਹਰਿ ਵੇਖੈ ਆਪਿ ਹਦੂਰੀ ਜੀਉ।

(ਮਾਝ ਮਃ 4, ਪੰਨਾ 174)

ਗੁਰਬਾਣੀ ਵਿਚ 'ਆਤਮ' ਜਦੋਂ 'ਰਾਮੁ' ਤੋਂ ਅਲਹਿਦਾ ਆਉਂਦਾ ਹੈ ਤਾਂ ਇਹ ਆਤਮਾ ਦਾ ਲਖਾਇਕ ਬਣ ਜਾਂਦਾ ਹੈ :

ਅਨਿਕ ਜਤਨ ਕਰਿ ਆਤਮ ਨਹੀਂ ਦ੍ਰਵੈ।

(ਗਉੜੀ ਸੁਖਮਨੀ ਮਃ 5, ਪੰਨਾ 278)

ਮਨਿ ਸੰਤੋਖੁ ਆਤਮ ਪਤੀਆਨੇ।

(ਗਉੜੀ ਸੁਖਮਨੀ ਮਃ 5, ਪੰਨਾ 287)

ਦੂਜੇ ਭਾਇ ਆਤਮ ਸੰਘਾਰਹਿ।

(ਆਸਾ ਮਃ 3, ਪੰਨਾ 362)

ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ।

(ਧਨਾਸਰੀ ਭਗਤ ਨਾਮਦੇਵ, ਪੰਨਾ 693)

✵✵✵

# 28.

# ਗੁਰਬਾਣੀ ਵਿਚ ਤਰੰਗ ਦਾ ਸੰਕਲਪ

ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਪਦ ਤਰੰਗ, ਤਰੰਗਾ ਅਤੇ ਤਰੰਗੰ 41 ਵਾਰ ਆਉਂਦੇ ਹਨ ਪਰੰਤੂ ਤਿੰਨਾਂ ਪਦਾਂ ਦਾ ਲਕਸ਼ ਇਕੋ ਹੀ ਹੈ, ਜਿਸ ਨੂੰ ਆਮ ਭਾਸ਼ਾ ਵਿਚ ਲਹਿਰ ਵੀ ਕਿਹਾ ਜਾਂਦਾ ਹੈ। ਆਮਤੌਰ ਤੇ ਤਰੰਗ ਪਾਣੀ ਵਿਚ ਪੈਦਾ ਹੋਈ ਲਹਿਰ ਨੂੰ ਕਹਿੰਦੇ ਹਨ। ਜੇਕਰ ਪਾਣੀ ਦੇ ਤਲਾਅ ਵਿਚ ਪੱਥਰ ਸੁੱਟਿਆ ਜਾਵੇ ਤਾਂ ਪੱਥਰ ਦੇ ਡਿੱਗਣ ਵਾਲੀ ਥਾਂ ਦਵਾਲੇ ਤਰੰਗਾਂ (ਲਹਿਰਾਂ) ਪੈਦਾ ਹੁੰਦੀਆਂ ਹਨ। ਗੁਰਬਾਣੀ ਵਿਚ ਤਰੰਗ ਪਦ ਦੀ ਵਰਤੋਂ ਵਧੇਰੇ ਕਰਕੇ ਪਾਣੀ ਦੀਆਂ ਲਹਿਰਾਂ ਦੇ ਪ੍ਰਮਾਣ (Metaphor) ਦੇ ਤੌਰ ਤੇ ਹੋਈ ਹੈ। ਮਨੁੱਖੀ ਮਨ ਵਿਚ ਮਾਇਆ ਦੇ ਪ੍ਰਭਾਵ ਕਾਰਨ ਤਰੰਗਾਂ ਪੈਦਾ ਹੁੰਦੀਆਂ ਹਨ ਜੋ ਉਸ ਨੂੰ ਵਿਚਲਿਤ ਕਰਦੀਆਂ ਹਨ। ਮਨ ਹਮੇਸ਼ਾਂ ਆਸਾ-ਨਿਰਾਸ਼ਾ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ। ਮਨ ਵਿਚ ਚੰਗੇ ਮਾੜੇ ਫੁਰਨੇ ਤਰੰਗਾਂ ਦੇ ਰੂਪ ਵਿਚ ਉਠਦੇ ਰਹਿੰਦੇ ਹਨ। ਗੁਰਬਾਣੀ ਵਿਚ ਤਰੰਗਾਂ ਦੀ ਉਤਪਤੀ ਜਾਂ ਪੈਦਾ ਹੋਣ ਦੇ ਕਾਰਨ ਵੀ ਦੱਸੇ ਗਏ ਹਨ :

ਉਰਝਿ ਰਹਿਓ ਬਿਖਿਆ ਕੈ ਸੰਗਾ।
ਮਨਹਿ ਬਿਆਪਤ ਅਨਿਕ ਤਰੰਗਾ।

(ਸੂਹੀ ਮਃ 5, ਪੰਨਾ 759)

ਆਸ ਅਨਿਤ ਤਿਆਗਹੁ ਤਰੰਗ।
ਸੰਤ ਜਨਾ ਕੀ ਧੂਰਿ ਮਨ ਮੰਗ।

(ਗਉੜੀ ਮਃ 5, ਪੰਨਾ 295)

ਕਾਮੁ ਕ੍ਰੋਧ ਦੁਇ ਭਏ ਜਗਾਤੀ ਮਨ ਤਰੰਗ ਬਟਵਾਰਾ।

(ਗਉੜੀ ਭਗਤ ਕਬੀਰ, ਪੰਨਾ 333)

ਜਲਤ ਅਨਿਕ ਤਰੰਗ ਮਾਇਆ ਗੁਰ ਗਿਆਨ ਹਰਿ ਰਿਦ ਮੰਤ।

(ਗੂਜਰੀ ਮਃ 5, ਪੰਨਾ 508)

ਗੁਰੂ ਅਮਰਦਾਸ ਜੀ ਮਨ ਦੀਆਂ ਤਰੰਗਾਂ ਤੋਂ ਬੰਦ-ਖਲਾਸੀ ਦੀ ਗੱਲ ਵੀ ਕਰਦੇ ਹਨ:

ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ।

(ਮਾਰੂ ਮਃ 3, ਪੰਨਾ 1088)

ਸਬਦ ਦੀ ਕਮਾਈ ਦਵਾਰਾ ਮਨ ਦੀਆਂ ਤਰੰਗਾਂ ਤੋਂ ਖਹਿੜਾ ਛੁੱਟ ਜਾਂਦਾ ਹੈ :

ਮਨ ਕੇ ਤਰੰਗ ਸਬਦਿ ਨਿਵਾਰੇ ਰਸਨਾ ਸਹਜਿ ਸੁਭਾਈ।

(ਸਾਰੰਗ ਮਃ 3, ਪੰਨਾ 1233)

ਸ੍ਰਿਸ਼ਟੀ ਰਚਨਾ ਦੇ ਸੰਬੰਧ ਵਿਚ ਵੀ 'ਤਰੰਗ' ਦਾ ਪ੍ਰਮਾਣ ਵਰਤਿਆ ਗਿਆ ਹੈ। ਜਿਵੇਂ ਪਾਣੀ ਵਿਚ ਤਰੰਗਾਂ ਪੈਦਾ ਹੋਣ ਤੋਂ ਬਾਅਦ ਫੈਲਣੀਆਂ ਸ਼ੁਰੂ ਹੋ ਜਾਂਦੀਆਂ ਹਨ, ਇਸੇ ਤਰ੍ਹਾਂ ਹੀ ਬ੍ਰਹਿਮੰਡ ਦਾ ਪਸਾਰਾ ਚਲਦਾ ਰਹਿੰਦਾ ਹੈ। ਬਿੱਗ ਬੈਂਗ (Big

Bang) ਮਾਡਲ ਵੀ ਇਹੋ ਸਿਧਾਂਤ ਪੇਸ਼ ਕਰਦਾ ਹੈ। ਜਦੋਂ ਸ੍ਰਿਸ਼ਟੀ ਰਚਨਾ ਹੋਈ ਤਾਂ ਇਕ ਵੱਡੇ ਧਮਾਕੇ ਤੋਂ ਬਾਅਦ ਬ੍ਰਹਿਮੰਡੀ ਪਸਾਰਾ ਤਰੰਗਾਂ ਦੇ ਰੂਪ ਵਿਚ ਫੈਲਣਾ ਸ਼ੁਰੂ ਹੋ ਗਿਆ।

ਘਟਿ ਘਟਿ ਪੂਰਨ ਕਰਿ ਬਿਸਥੀਰਨੁ ਜਲ ਤਰੰਗ ਜਿਉ ਰਚਨੁ ਕੀਆ।

(ਸਾਰੰਗ ਮਃ 5, ਪੰਨਾ 1236)

ਬਲਕਿ ਗੁਰੂ ਨਾਨਕ ਸਾਹਿਬ ਤਾਂ ਇਸ ਜਗਤ ਦੇ ਪੈਦਾ ਹੋਣ ਦੇ ਤਿੰਨ ਮੂਲ ਤੱਤਾਂ ਦਾ ਵੀ ਜ਼ਿਕਰ ਕਰਦੇ ਹਨ ਜਿਨ੍ਹਾਂ ਵਿਚ ਪਾਣੀ, ਅਗਨੀ ਅਤੇ ਹਵਾ ਸ਼ਾਮਲ ਹਨ :

ਜਲ ਤਰੰਗ ਅਗਨੀ ਪਵਨੈ ਫੁਨਿ ਤ੍ਰੈ ਮਿਲਿ ਜਗਤੁ ਉਪਾਇਆ।

(ਪ੍ਰਭਾਤੀ ਮਃ 1, ਪੰਨਾ 1345)

ਗੁਰਬਾਣੀ ਵਿਚ ਇਕ ਹੋਰ ਸੁੰਦਰ ਪ੍ਰਮਾਣ ਰੱਬੀ ਪਸਾਰੇ ਲਈ ਵਰਤਿਆ ਗਿਆ ਹੈ। ਪ੍ਰਮਾਤਮਾ ਤਰੰਗ ਰੂਪ ਹੋ ਕੇ ਸ੍ਰਿਸ਼ਟੀ ਵਿਚ ਰਮਿਆ ਹੋਇਆ ਹੈ। ਭੌਤਿਕ ਵਿਗਿਆਨ ਜਗਤ ਨੂੰ ਸੂਖਮ ਅਤੇ ਅਸਥੂਲ ਖੰਡਾਂ ਵਿਚ ਵੰਡਦਾ ਹੈ, ਜੋ ਤਰੰਗ ਅਤੇ ਮਾਦਾ ਰੂਪ ਵਿਚ ਵਿਚਰਦੇ ਹਨ। ਪ੍ਰਮਾਤਮਾ ਅਤੀ ਸੂਖਮ ਹੋਣ ਕਰਕੇ ਤਰੰਗ ਰੂਪ ਵਿਚ ਪਸਰਿਆ ਹੋਇਆ ਹੈ :

ਪਸਰਿਓ ਆਪਿ ਹੋਇ ਅਨਤ ਤਰੰਗ।
ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ।

(ਗਉੜੀ ਸੁਖਮਨੀ ਮਃ 5, ਪੰਨਾ 275)

ਗੁਰੂ ਗ੍ਰੰਥ ਸਾਹਿਬ ਵਿਚ ਤਰੰਗ ਦਾ ਪ੍ਰਮਾਣ ਕਈ ਰੂਪਾਂ ਵਿਚ ਵਰਤਿਆ ਗਿਆ ਹੈ। ਗੁਰੂ ਅਰਜਨ ਸਾਹਿਬ ਪ੍ਰਭੂ ਮਿਲਾਪ ਲਈ ਇਸ ਦੀ ਵਰਤੋਂ ਕਰਦੇ ਹਨ :

ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕਰ ਭਏ ਏਕਾ।

(ਸਾਰੰਗ ਮਃ 5, ਪੰਨਾ 1209)

ਭਗਤ ਰਵਿਦਾਸ ਜੀ, ਨਾਮਦੇਵ ਜੀ ਅਤੇ ਕਬੀਰ ਜੀ ਆਪਣੀ ਬਾਣੀ ਵਿਚ ਜਲ ਤਰੰਗ ਦਾ ਦ੍ਰਿਸ਼ਟਾਂਤ ਵਰਤ ਕੇ ਆਪਣੇ ਪ੍ਰਭੂ ਨਾਲ ਮਿਲਾਪ ਦੀ ਪੁਸ਼ਟੀ ਕਰ ਰਹੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ।

(ਸਿਰੀ ਰਾਗ ਭਗਤ ਰਵਿਦਾਸ, ਪੰਨਾ 93)

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ।
ਇਹ ਪ੍ਰਪੰਚ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ।

(ਆਸਾ ਭਗਤ ਨਾਮਦੇਵ, ਪੰਨਾ 485)

ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ।
ਸੁੰਨਹਿ ਸੁੰਨ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ।

(ਮਾਰੂ ਭਗਤ ਕਬੀਰ, ਪੰਨਾ 1103)

ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਇਸ ਦ੍ਰਿਸ਼ਟਾਂਤ ਦੀ ਭਰਪੂਰ ਵਰਤੋਂ ਕਰਦੇ ਹਨ :

ਜਿਉ ਜਲ ਤਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ।

(ਬਿਲਾਵਲ ਮ: 4, ਪੰਨਾ 835)

ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ।

(ਮਾਰੂ ਮ: 5, ਪੰਨਾ 1076)

ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ।

(ਮਾਰੂ ਮ: 4, ਪੰਨਾ 995)

ਹਰਿ ਹਰਿ ਨਾਮ ਜਪਿ ਅਨਤ ਤਰੰਗਾ।
ਜਪਿ ਜਪਿ ਨਾਮੁ ਗੁਰਮਤਿ ਸਾਲਾਹੀ ਮਾਰਿਆ ਕਾਲੁ ਜਮਕੰਕਰ ਭੁਇਅੰਗਾ।

(ਆਸਾ ਮ: 4, ਪੰਨਾ 367)

ਗੁਰੂ ਅਰਜਨ ਦੇਵ ਜੀ ਮਾਇਆ ਰੂਪ ਤਰੰਗਾਂ ਤੋਂ ਨਿਜ਼ਾਤ ਪਾਉਣ ਦਾ ਵਸੀਲਾ ਪ੍ਰਭੂ ਮਿਲਾਪ ਨੂੰ ਦੱਸ ਰਹੇ ਹਨ :

ਮਹਾਂ ਤਰੰਗ ਤੇ ਕਾਂਢੈ ਲਾਗਾ।
ਜਨਮ ਜਨਮ ਕਾ ਟੂਟਾ ਗਾਂਢਾ

(ਪ੍ਰਭਾਤੀ ਮ: 5, ਪੰਨਾ 1348)

ਭੱਟ ਮਥੁਰਾ ਆਪਣੀ ਰਚਨਾ ਵਿਚ ਗੁਰੂ ਰਾਮਦਾਸ ਜੀ ਦੀ ਸਿਫ਼ਤ ਸਲਾਹ ਕਰਦਿਆਂ ਅੰਮ੍ਰਿਤ ਸਰੋਵਰ ਵਿਚ ਅੰਮ੍ਰਿਤ ਵੇਲੇ ਕੀਰਤਨ ਦੀਆਂ ਸਬਦੀ ਧੁਨਾਂ ਦਾ ਨਜ਼ਾਰਾ ਤਰੰਗ ਦੇ ਦ੍ਰਿਸ਼ਟਾਂਤ ਰਾਹੀਂ ਪੇਸ਼ ਕਰਦੇ ਹਨ :

ਨਿਰਮਲ ਨਾਮੁ ਸੁਧਾ ਪਰਪੂਰਨ ਸਬਦ ਤਰੰਗ ਪ੍ਰਗਟਿਤ ਦਿਨ ਆਗਰ।

(ਮਥੁਰਾ ਸਵੱਈਏ ਮ: 4, ਪੰਨਾ 1404)

✵✵✵

# 29.

# ਗੁਰਬਾਣੀ ਵਿਚ ਸੂਖਮ ਅਤੇ ਅਸਥੂਲ ਦੀ ਵਿਆਖਿਆ

ਗੁਰੂ ਗ੍ਰੰਥ ਸਾਹਿਬ ਵਿਚ ਸੂਖਮ ਪਦ 12 ਵਾਰ ਆਇਆ ਹੈ ਅਤੇ ਸੂਖਮ ਅਸਥੂਲ ਇਕੱਠਾ ਕੇਵਲ ਤਿੰਨ ਵਾਰ ਆਉਂਦਾ ਹੈ। ਆਮ ਬੋਲਚਾਲ ਵਿਚ ਸੂਖਮ ਅਤੀ ਬਰੀਕ ਜਾਂ ਨਾਜ਼ਕ ਵਸਤੂ ਲਈ ਵਰਤਿਆ ਜਾਂਦਾ ਹੈ ਅਤੇ ਅਸਥੂਲ ਮੋਟੀ ਪੱਧਰੀ ਠੋਸ ਵਸਤੂ ਦਾ ਲਖਾਇਕ ਹੈ। ਭੌਤਿਕ ਵਿਗਿਆਨ ਵਿਚ ਕਲਾਸਕੀ ਧਾਰਾ ਹੇਠ ਅਸਥੂਲ ਵਸਤਾਂ ਹੀ ਆਉਂਦੀਆਂ ਹਨ। ਜਦੋਂ ਈਲੈਕਟਰਾਨ, ਫੋਟਾਨ ਅਤੇ ਹੋਰ ਹਲਕੇ ਕਣਾਂ ਨਾਲ ਵਾਹ ਪਿਆ ਤਾਂ ਪਤਾ ਲਗਾ ਕਿ ਕਲਾਸਕੀ ਭੌਤਿਕ ਵਿਗਿਆਨ ਦੇ ਨਿਯਮ ਇਨ੍ਹਾਂ ਉਪਰ ਲਾਗੂ ਨਹੀਂ ਹੁੰਦੇ ਕਿਉਂਕਿ ਇਹ ਅਤੀ ਸੂਖਮ ਜਗਤ ਦਾ ਹਿੱਸਾ ਹਨ। ਵਿਗਿਆਨੀਆਂ ਨੂੰ ਇਨ੍ਹਾਂ ਕਣਾਂ ਦੇ ਅਧਿਐਨ ਲਈ ਨਵੇਂ ਨਿਯਮ ਘੜਨੇ ਪੈ ਗਏ ਜੋ ਕੁਆਂਟਮ ਭੌਤਿਕ ਵਿਗਿਆਨ ਦਾ ਹਿੱਸਾ ਹਨ। ਸੋ ਸਪਸ਼ਟ ਹੈ ਕਿ ਸੂਖਮ ਅਤੇ ਅਸਥੂਲ ਜਗਤ ਵਿਚ ਤਾਲਮੇਲ ਦੀ ਸਮੱਸਿਆ ਵਿਗਿਆਨੀਆਂ ਨੂੰ ਵੀ ਆਉਂਦੀ ਹੈ। ਜਾਂ ਇਉਂ ਕਹਿ ਲਵੋ ਕਿ ਦਿਸਦੇ ਅਤੇ ਅਣਦਿਸਦੇ ਜਗਤ ਦੇ ਰਹੱਸ ਨੂੰ ਸਮਝਣ ਲਈ ਵਿਗਿਆਨੀਆਂ ਨੇ ਹੱਲ ਲੱਭ ਲਿਆ ਹੈ।

ਅਧਿਆਤਮਕ ਜਗਤ ਦਾ ਇਹ ਵਿਡੰਬਣਾ (Paradox) ਹੈ ਕਿ ਸਰਬ ਸ਼ਕਤੀਮਾਨ ਪ੍ਰਮਾਤਮਾ ਵੀ ਸੂਖਮ ਅਤੇ ਅਸਥੂਲ ਦੋਹਾਂ ਰੂਪਾਂ ਵਿਚ ਵਿਚਰਦਾ ਹੈ। ਅਸਥੂਲ ਰੂਪ ਸ੍ਰਿਸ਼ਟੀ ਰਚਨਾ ਵੇਲੇ ਹੀ ਪ੍ਰਗਟ ਹੁੰਦਾ ਹੈ ਜਿਸ ਨੂੰ ਸਰਗੁਣ ਸਰੂਪ ਵੀ ਕਿਹਾ ਗਿਆ ਹੈ। ਸੂਖਮ ਰੂਪ ਨੂੰ ਨਿਰਗੁਣ ਸਰੂਪ ਕਹਿ ਕੇ ਦਰਸਾਇਆ ਗਿਆ ਹੈ। ਸੂਖਮ ਅਤੇ ਅਸਥੂਲ ਦਾ ਜੋ ਦਵੰਦ ਭੌਤਿਕ ਜਗਤ ਵਿਚ ਕਾਇਮ ਹੈ, ਉਸ ਦਾ ਬਿੰਬ ਅਧਿਆਤਮਕ ਜਗਤ ਵਿਚ ਵੀ ਮਿਲਦਾ ਹੈ ਜਿਸ ਨੂੰ ਨਿਰਗੁਣ ਅਤੇ ਸਰਗੁਣ ਪਦਾਂ ਰਾਹੀਂ ਬਿਆਨ ਕੀਤਾ ਜਾਂਦਾ ਹੈ। ਫਰਕ ਕੇਵਲ ਇੰਨਾ ਹੈ ਕਿ ਭੌਤਿਕ ਜਗਤ ਦੇ ਇਸ ਦਵੰਦ ਨੂੰ ਭੌਤਿਕ ਨਿਯਮਾਂ ਰਾਹੀਂ ਸਮਝਿਆ ਤੇ ਸਮਝਾਇਆ ਜਾ ਸਕਦਾ ਹੈ। ਪ੍ਰੰਤੂ ਅਧਿਆਤਮਕ ਜਗਤ ਦੇ ਦਵੰਦ ਨੂੰ ਕੋਈ ਵਿਰਲਾ ਬ੍ਰਹਮਗਿਆਨੀ ਹੀ ਸਮਝ ਸਕਦਾ ਹੈ।

ਗੁਰਬਾਣੀ ਵਿਚ ਇਸ ਦਵੰਦ ਨੂੰ ਦਰਸਾਇਆ ਗਿਆ ਹੈ। ਗੁਰਬਾਣੀ ਪ੍ਰਮਾਤਮਾ ਦੇ ਦੋਹਾਂ ਰੂਪਾਂ ਦਾ ਬਿਆਨ ਕਰਦੀ ਹੈ ਪ੍ਰੰਤੂ ਇਸ ਝਮੇਲੇ ਵਿਚ ਨਹੀਂ ਪੈਂਦੀ ਕਿ ਇਨ੍ਹਾਂ ਰੂਪਾਂ ਲਈ ਕੋਈ ਵੱਖਰੇ ਨਿਯਮ ਘੜੇ ਜਾਣ ਜਿਵੇਂ ਭੌਤਿਕ ਵਿਗਿਆਨ ਵਿਚ ਹੋਇਆ ਹੈ। ਕਈ ਵਿਗਿਆਨੀ ਪ੍ਰਮਾਤਮਾ ਦੀ ਹੋਂਦ ਤੋਂ ਮੁਨਕਰ ਹਨ ਪ੍ਰੰਤੂ ਮਜ਼ਬੂਰੀ ਵੱਸ ਜਿੱਥੇ ਭੌਤਿਕ ਗਿਆਨ ਦੇ ਨਿਯਮ ਫੇਲ ਹੋ ਜਾਂਦੇ ਹਨ, ਉਥੇ ਕਿਸੇ ਅਗੰਮੀ ਹਸਤੀ ਨੂੰ ਸ੍ਰਿਸ਼ਟੀ ਰਚਨਾ ਦਾ ਘਾੜਾ ਮੰਨਣ ਲਈ ਤਿਆਰ ਹਨ। ਕੁਆਂਟਮ ਵਿਗਿਆਨ ਦੀ ਸਮੱਸਿਆ ਹੱਲ ਕਰਨ ਲਈ ਸੁਰਤਿ (consciousness) ਨੂੰ ਪਦਾਰਥਕ ਜਗਤ ਵਿਚ ਕਿਰਿਆਸ਼ੀਲ ਮੰਨਣ ਦੀ ਪ੍ਰਕਿਰਿਆ ਵੀ ਸ਼ੁਰੂ ਹੋ ਚੁੱਕੀ ਹੈ।

ਧਰਮ ਅਤੇ ਵਿਗਿਆਨ ਦੀ ਆਪਸੀ ਸਾਂਝ ਲਈ ਜ਼ਰੂਰੀ ਹੈ ਕਿ ਅਸੀਂ ਸੂਖਮ-ਅਸਥੂਲ ਦੇ ਬਿੰਬ ਦਵਾਰਾ ਗੁਰਬਾਣੀ ਨੂੰ ਸਮਝੀਏ। ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਪ੍ਰਮਾਤਮਾ ਨੂੰ ਸੂਖਮ ਅਤੇ ਅਸਥੂਲ ਦੱਸਿਆ ਗਿਆ ਹੈ :

ਆਪਹਿ ਸੂਖਮ ਆਪਹਿ ਅਸਥੂਲਾ।
ਲਖੀ ਨ ਜਾਈ ਨਾਨਕ ਲੀਲਾ।

(ਗਉੜੀ ਮ: 5, ਪੰਨਾ 250)

ਸੂਖਮ ਅਸਥੂਲ ਸਗਲ ਭਗਵਾਨ।
ਨਾਨਕ ਗੁਰਮੁਖਿ ਬ੍ਰਹਮੁ ਪਛਾਨ।

(ਗਉੜੀ ਮ: 5, ਪੰਨਾ 299)

ਨਾਨਕ ਸੋ ਸੂਖਮੁ ਸੋਈ ਅਸਥੂਲੁ।

(ਗਉੜੀ ਸੁਖਮਨੀ ਮ: 5, ਪੰਨਾ 281)

ਆਪਹਿ ਸੂਖਮ ਆਪਹਿ ਅਸਥੂਲ।

(ਸਾਰੰਗ ਮ: 5, ਪੰਨਾ 1236)

ਸ੍ਰਿਸ਼ਟੀ ਰਚਨਾ ਦਾ ਬਿੱਗ-ਬੈਂਗ ਸਿਧਾਂਤ ਗੁਰਬਾਣੀ ਦੀ ਪ੍ਰੋੜਤਾ ਕਰਦਾ ਹੈ। ਬਿੱਗ-ਬੈਂਗ ਵਿਚ ਪਹਿਲਾਂ ਊਰਜਾ (Energy) ਪੈਦਾ ਹੁੰਦੀ ਹੈ ਜੋ ਸੂਖਮ ਤੱਤ ਹੈ। ਇਸ ਊਰਜਾ ਤੋਂ ਮਾਦੇ ਦੇ ਕਣ ਪੈਦਾ ਹੁੰਦੇ ਹਨ ਜੋ ਅਸਥੂਲ ਹਨ। ਸੋ ਭੌਤਿਕ ਜਗਤ ਵਿਚ ਸੂਖਮ ਊਰਜਾ ਤੋਂ ਅਸਥੂਲ ਮਾਦੇ ਦੀ ਰਚਨਾ ਦਵਾਰਾ ਬ੍ਰਹਿਮੰਡੀ ਪਸਾਰਾ ਹੋਇਆ ਮੰਨਿਆ ਜਾਂਦਾ ਹੈ। ਗੁਰਬਾਣੀ ਦੀਆਂ ਹੇਠਲੀਆਂ ਤੁਕਾਂ ਵਿਚ ਇਸੇ ਪ੍ਰਕਿਰਿਆ ਦਾ ਜ਼ਿਕਰ ਮਿਲਦਾ ਹੈ :

ਸੂਖਮ ਮਹਿ ਜਾਨੈ ਅਸਥੂਲੁ।

(ਗਉੜੀ ਸੁਖਮਨੀ ਮ: 5, ਪੰਨਾ 274)

ਤੂੰ ਪੇਡੁ ਸਾਖ ਤੇਰੀ ਫੂਲੀ।
ਤੂੰ ਸੂਖਮੁ ਹੋਆ ਅਸਥੂਲੀ।

(ਮਾਝ ਮ: 5, ਪੰਨਾ 102)

ਗੁਰੂ ਰਾਮਦਾਸ ਜੀ ਸਪਸ਼ਟ ਕਰ ਦਿੰਦੇ ਹਨ ਕਿ ਜਿਵੇਂ ਬਿੱਗ-ਬੈਂਗ ਵਿਚ ਪਸਾਰਾ ਸੂਖਮ ਊਰਜਾ ਤੋਂ ਹੋਇਆ ਹੈ, ਇਸੇ ਤਰ੍ਹਾਂ ਪ੍ਰਮਾਤਮਾ ਦੇ ਸੂਖਮ ਰੂਪ ਤੋਂ ਸਾਰਾ ਬ੍ਰਹਿਮੰਡੀ ਪਸਾਰਾ ਹੋਇਆ ਹੈ :

ਆਪ ਸੂਖਮੁ ਭਾਲੀਐ ਆਪੇ ਪਾਸਾਰੁ।

(ਬਿਹਾਗੜਾ ਮ: 4, ਪੰਨਾ 556)

ਗੁਰੂ ਅਰਜਨ ਦੇਵ ਜੀ ਇਸ ਵਿਚਾਰ ਲੜੀ ਨੂੰ ਹੋਰ ਅੱਗੇ ਤੋਰ ਕੇ ਬਿਆਨ ਕਰਦੇ ਹਨ ਕਿ ਸੂਖਮ ਰੂਪ ਪ੍ਰਮਾਤਮਾ, ਅਸਥੂਲ ਜਗਤ ਵਿਚ ਸਭ ਥਾਈਂ ਪਸਰਿਆ ਹੋਇਆ ਹੈ :

ਰਵਿ ਰਹਿਆ ਸਰਬਤ ਠਾਈ ਸੂਖਮੋ ਅਸਥੂਲ।

(ਮਾਲੀ ਗਉੜਾ ਮ: 5, ਪੰਨਾ 987)

ਗੁਰੂ ਅਮਰਦਾਸ ਜੀ ਸੂਖਮ ਰੂਪ ਪ੍ਰਮਾਤਮਾ ਨਾਲ ਮਨੁੱਖੀ ਮਿਲਾਪ ਦੀ ਗੱਲ ਵੀ ਕਰਦੇ ਹਨ ਅਤੇ ਇਸ ਮਿਲਾਪ ਦੀ ਤਾਂਘ ਪੂਰੀ ਕਰਨ ਦੀ ਵਿਧੀ ਵੀ ਦਰਸਾਉਂਦੇ ਹਨ :

ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ।
ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ।

(ਸੂਹੀ ਮ: 3, ਪੰਨਾ 756)

✵✵✵

# 30.
# ਜਪੁ ਜੀ ਵਿਚ ਸ੍ਰਿਸ਼ਟੀ ਰਚਨਾ

ਸਿੱਖ ਧਰਮ ਦੇ ਗੁਰੂ ਗ੍ਰੰਥ ਸਾਹਿਬ ਵਿਚ ਪਰਮਸਤਾ ਬ੍ਰਹਮ ਦੇ ਦੋਹਾਂ ਰੂਪਾਂ ਦਾ ਵਰਣਨ ਕੀਤਾ ਗਿਆ ਹੈ :

ਸਰਗੁਣ ਨਿਰਗੁਣ ਨਿਰੰਕਾਰ ਸੁੰਨ ਸਮਾਧੀ ਆਪਿ।
ਆਪਨ ਕੀਆ ਨਾਨਕਾ ਆਪੈ ਹੀ ਫਿਰਿ ਜਾਪਿ।

(ਗਉੜੀ ਸੁਖਮਨੀ ਮਃ 5, ਪੰਨਾ 290)

ਨਿਰੰਕਾਰ ਆਪ ਹੀ ਸ੍ਰਿਸ਼ਟੀ ਦਾ ਕਰਤਾ ਹੈ ਅਤੇ ਆਪ ਹੀ ਕਾਰਨ ਹੈ। ਏਕ ਤੋਂ ਅਨੇਕ ਵੀ ਆਪ ਹੀ ਹੈ। ਕਰਤਾ ਪੁਰਖ ਹੋਣ ਕਰਕੇ ਸ੍ਰਿਸ਼ਟੀ ਦਾ ਨਮਿਤ ਅਤੇ ਉਪਾਦਾਨ ਕਾਰਨ ਆਪ ਹੀ ਹੈ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਨਿਰੰਕਾਰ ਸੁੰਨ ਸਮਾਧੀ ਦੀ ਅਵਸਥਾ ਵਿਚ ਵਿਚਰਦਾ ਸੀ। ਨਿਰਗੁਣ ਤੋਂ ਸਰਗੁਣ ਹੋਣ ਲਈ ਸੁੰਨ ਕਲਾ ਦੀ ਵਰਤੋਂ ਲਾਜ਼ਮੀ ਸੀ ਪਰੰਤੂ ਇਸ ਭੇਦ ਨੂੰ ਕੋਈ ਵਿਰਲਾ ਹੀ ਸਮਝਦਾ ਹੈ।

ਪਉਣ ਪਾਣੀ ਸੁੰਨੇ ਤੇ ਸਾਜੇ।
ਸ੍ਰਿਸਟ ਉਪਾਇ ਕਾਇਆ ਗੜ ਰਾਜੇ।
ਅਗਨਿ ਪਾਣੀ ਜੀਉ ਜੋਤਿ ਤੁਮਾਰੀ।
ਸੁੰਨੇ ਕਲਾ ਰਹਾਇਦਾ।
--------------------
ਸੁੰਨਹੁ ਚੰਦੁ ਸੂਰਜ ਗੈਣਾਰੇ, ਤਿਸ ਕੀ ਜੋਤਿ ਤ੍ਰਿਭਵਣ ਸਾਰੇ।
ਸੁੰਨੇ ਅਲਖ ਅਪਾਰ ਨਿਰਲਮੁ, ਸੁੰਨੇ ਤਾੜੀ ਲਾਇਦਾ।

(ਮਾਰੂ ਸੋਲਹੇ, ਮਃ 1, ਪੰਨਾ 1037)

ਸ੍ਰਿਸ਼ਟੀ ਰਚਨਾ ਦਾ ਵਿਸਥਾਰ ਸਹਿਤ ਸੁੰਦਰ ਬਿਆਨ ਮਾਰੂ ਸੋਲਹੇ ਰਾਗ ਵਿਚ ਉਪਲੱਭਧ ਹੈ। ਜਪੁਜੀ ਦੀਆਂ ਕਈ ਪਉੜੀਆਂ ਵਿਚ ਸ੍ਰਿਸ਼ਟੀ ਰਚਨਾ ਅਤੇ ਪਸਾਰੇ ਦਾ ਜ਼ਿਕਰ ਆਉਂਦਾ ਹੈ। ਬਲਕਿ ਜਪੁਜੀ ਦੇ ਪਹਿਲੇ ਸਲੋਕ ਵਿਚ ਹੀ ਪਰਮਸੱਤਾ ਨੂੰ ਤ੍ਰੈਕਾਲੀ ਅਵਸਥਾ ਤੋਂ ਉਪਰ ਮੰਨਿਆ ਗਿਆ ਹੈ :

ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ।

ਆਦਿ ਸਚੁ, ਸੁੰਨ ਸਮਾਧਿ ਜਾਂ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਹੈ ਜਦੋਂ ਪਰਮ ਸੱਤਾ ਆਪਣੇ ਨਿਰਗੁਣ ਰੂਪ ਵਿਚ ਸੀ ਅਤੇ ਕਾਲ ਦਾ ਚੱਕਰ ਸ਼ੁਰੂ ਨਹੀਂ ਸੀ ਹੋਇਆ। ਜਪੁਜੀ ਵਿਚ ਪਸਾਰਾ ਸ਼ੁਰੂ ਹੋਣ ਬਾਰੇ ਵੀ ਜ਼ਿਕਰ ਹੈ :

ਕੀਤਾ ਪਸਾਉ ਏਕੋ ਕਵਾਉ, ਤਿਸ ਤੇ ਹੋਇ ਲਖ ਦਰੀਆਓ

(ਜਪੁਜੀ ਪਉੜੀ 16)

ਇਸਲਾਮ ਵਾਲੇ ਮੰਨਦੇ ਹਨ ਕਿ ਅੱਲ੍ਹਾ ਨੇ 'ਕੁਨ' ਸਬਦ ਦਾ ਉਚਾਰਨ ਕੀਤਾ ਅਤੇ ਸ੍ਰਿਸ਼ਟੀ ਰਚਨਾ ਹੋ ਗਈ। 'ਕਵਾਓ' ਤੋਂ ਵੀ ਐਸਾ ਭਾਵ ਲਿਆ ਗਿਆ ਹੈ, ਧੁਨੀ ਜਾਂ ਸਬਦ ਦਾ ਉਚਾਰਨ। ਉਦਾਹਰਣ ਲਈ,

ਉਤਪਤਿ ਪਰਲਉ ਸਬਦੇ ਹੋਵੇ
ਸਬਦੇ ਹੀ ਫਿਰਿ ਓਪਤਿ ਹੋਵੈ।

(ਮਾਝ ਮ: 3, ਪੰਨਾ 117)

ਈਸਾਈ ਮੱਤ ਅਨੁਸਾਰ ਸ੍ਰਿਸ਼ਟੀ ਰਚਨਾ ਦਾ ਸਮਾਂ 4004 ਪੂਰਵ ਈਸਵੀ ਹੈ। ਬਾਈਬਲ ਅਨੁਸਾਰ ਸਾਰੀ ਰਚਨਾ 6 ਦਿਨ ਵਿਚ ਮੁਕੰਮਲ ਹੋ ਗਈ ਅਤੇ ਸਤਵੇਂ ਦਿਨ ਪ੍ਰਮਾਤਮਾ ਨੇ ਅਰਾਮ ਕੀਤਾ। ਗੁਰੂ ਨਾਨਕ ਸਾਹਿਬ ਰਚਨਾ ਦੇ ਸ਼ੁਰੂ ਹੋਣ ਦੀ ਕੋਈ ਤਿਥ ਨਿਰਧਾਰਤ ਨਹੀਂ ਕਰਦੇ ਸਗੋਂ ਬਾਕੀ ਧਰਮਾਂ ਦੇ ਪੈਰੋਕਾਰਾਂ ਉਪਰ ਕਟਾਖਸ਼ ਕਰਦੇ ਹਨ :

ਕਵਣੁ ਸੁ ਵੇਲਾ ਵਖਤੁ ਕਵਣੁ, ਕਵਣ ਥਿਤਿ ਕਵਣੁ ਵਾਰੁ।
ਕਵਣਿ ਸਿ ਰੁਤੀ ਮਾਹੁ ਕਵਣੁ, ਜਿਤੁ ਹੋਆ ਆਕਾਰੁ।
ਵੇਲ ਨ ਪਾਈਆ ਪੰਡਤੀ, ਜਿ ਹੋਵੈ ਲੇਖੁ ਪੁਰਾਣੁ।
ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ।
ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ।
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ।

(ਜਪੁਜੀ ਪਉੜੀ 21)

ਜਪੁਜੀ ਦੀ 22ਵੀਂ ਪਉੜੀ ਵਿਚ ਸ੍ਰਿਸ਼ਟੀ ਰਚਨਾ ਦਾ ਵਿਸਥਾਰ ਵੀ ਬਿਆਨ ਕੀਤਾ ਗਿਆ ਹੈ। ਅਜੇ ਤਕ ਬ੍ਰਹਿਮੰਡ ਵਿਗਿਆਨੀ ਵੀ ਰਚਨਾ ਦੇ ਵਿਸਥਾਰ ਦਾ ਥਹੁ ਪਤਾ ਨਹੀਂ ਲਗਾ ਸਕੇ। ਇਸਲਾਮ ਧਰਮ ਵਿਚ ਸਤ ਅਕਾਸ਼ ਅਤੇ ਸੱਤ ਪਤਾਲ ਮੰਨਦੇ ਹਨ ਪਰੰਤੂ ਗੁਰੂ ਸਾਹਿਬ ਇਸ ਦੀ ਗਿਣਤੀ ਲੇਖੇ ਤੋਂ ਬਾਹਰ ਦੱਸਦੇ ਹਨ :

ਪਾਤਾਲਾ ਪਾਤਾਲ ਲਖ ਆਗਾਸਾ ਅਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।
ਨਾਨਕ ਵਡਾ ਆਖੀਐ ਆਪੈ ਜਾਣੈ ਆਪ।

(ਜਪੁਜੀ ਪਉੜੀ, 22)

ਗੁਰਮੱਤਿ ਵਿਚ ਪਰਮ ਸੱਤਾ ਬ੍ਰਹਮ ਨੂੰ ਨਿਰਪੇਖ (Absolute) ਮੰਨਿਆ ਗਿਆ ਹੈ। ਸੋ ਉਸ ਦੀ ਹਸਤੀ ਅਤੇ ਰਚਨਾ ਮਨੁਖੀ ਗਿਆਨ ਦਾ ਵਿਸ਼ਾ ਨਹੀਂ ਬਣ ਸਕਦੀ। ਇਸ ਦਾ ਵਿਸਥਾਰ ਬਿਆਨ ਤੋਂ ਬਾਹਰ ਹੈ। ਇਸ ਕਰਕੇ ਹੀ ਇਸ ਦੀ ਗਿਣਤੀ ਅਨੰਤ (Infinite) ਜਾਂ ਅਸੰਖ ਨਾਲ ਦਰਸਾਈ ਗਈ ਹੈ :

ਅਸੰਖ ਨਾਵ ਅਸੰਖ ਥਾਵ।
ਅੰਗਮ ਅਗੰਮ ਅਸੰਖ ਲੋਅ।
ਅਸੰਖ ਕਹਹਿ ਸਿਰਿ ਭਾਰੁ ਹੋਇ।

(ਜਪੁਜੀ ਪਉੜੀ 19)

ਅੰਤ ਨ ਜਾਪੈ ਕੀਤਾ ਆਕਾਰੁ।
ਅੰਤ ਨ ਜਾਪੈ ਪਾਰਾਵਾਰੁ।

(ਜਪੁਜੀ ਪਉੜੀ 24)

ਹਿੰਦੂ ਧਰਮ ਦੀ ਮਿਥਿਹਾਸਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ ਜਿਸ ਅਨੁਸਾਰ ਸ੍ਰਿਸ਼ਟੀ ਰਚਨਾ ਬ੍ਰਹਮਾ ਦੁਆਰਾ ਕੀਤੀ ਗਈ ਦੱਸੀ ਜਾਂਦੀ ਹੈ। ਗੁਰੂ ਸਾਹਿਬ ਵਿਅੰਗਮਈ ਢੰਗ ਨਾਲ ਬਿਆਨ ਕਰਦੇ ਹਨ :

ਕੇਤੇ ਪਵਣ ਪਾਣੀ ਵੈਸੰਤਰ, ਕੇਤੇ ਕਾਨ ਮਹੇਸ।
ਕੇਤੇ ਬਰਮੇ ਘਾੜਤ ਘੜੀਅਹਿ, ਰੂਪ ਰੰਗ ਕੇ ਵੇਸ।
ਕੇਤੀਆ ਕਰਮ ਭੂਮੀ ਮੇਰ, ਕੇਤੇ ਕੇਤੇ ਧੂ ਉਪਦੇਸ।
ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ।

(ਜਪੁਜੀ ਪਉੜੀ 35)

ਜਪੁਜੀ ਦੀਆਂ ਅਖੀਰਲੀਆਂ ਪਉੜੀਆਂ (35-37) ਵਿਚ ਪੰਜ ਖੰਡਾਂ ਦਾ ਵੀ ਜ਼ਿਕਰ ਆਉਂਦਾ ਹੈ। ਇਹ ਅਜੇ ਤੱਕ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਇਹ ਖੰਡ ਭੌਤਿਕ ਜਗਤ ਵਿਚ ਹਨ ਜਾਂ ਜਗਿਆਸੂ ਦੇ ਆਤਮਿਕ ਜੀਵਨ ਦੀਆਂ ਵੱਖ-ਵੱਖ ਅਵੱਸਥਾਵਾਂ ਹਨ। ਜਪੁਜੀ ਵਿਚ ਆਏ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ ਅਸਲ ਵਿਚ ਸਚਿਆਰ ਪਦ ਦੀ ਮੰਜ਼ਿਲ ਤੱਕ ਸਾਧਕ ਨੂੰ ਪਹੁੰਚਾਉਣ ਵਾਲੇ ਵੱਖ-ਵੱਖ ਪੜਾਅ ਹਨ। ਜਗਿਆਸੂ ਧਰਮ ਖੰਡ ਤੋਂ ਯਾਤਰਾ ਅਰੰਭ ਕਰਕੇ ਸੱਚ-ਖੰਡ ਤੱਕ ਪਹੁੰਚ ਸਕਦਾ ਹੈ। ਇਸ ਕਰਕੇ ਹੀ ਧਰਤੀ ਨੂੰ ਧਰਮਸਾਲ ਕਿਹਾ ਗਿਆ ਹੈ ਕਿਉਂਕਿ ਜਗਿਆਸੂ ਦੀ ਅਧਿਆਤਮਕਤਾ ਦਾ ਕਾਰਜ ਖੇਤਰ ਭੌਤਿਕ ਜਗਤ ਹੀ ਹੈ।

ਰਾਤੀ ਰੁਤੀ ਥਿਤੀ ਵਾਰ।
ਪਵਣ ਪਾਣੀ ਅਗਨੀ ਪਾਤਾਲ।
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ।

(ਜਪੁਜੀ ਪਉੜੀ 34)

ਸੱਚ ਖੰਡ ਨਿਰੰਕਾਰ ਦਾ ਵਾਸਾ ਹੈ ਪਰੰਤੂ ਇਹ ਕੋਈ ਭੌਤਿਕ ਸਥੂਲ ਜਗਤ ਨਹੀਂ ਹੋ ਸਕਦਾ। ਹਾਂ, ਭੁਲੇਖਾ ਇਸ ਕਰਕੇ ਪੈਂਦਾ ਹੈ ਕਿਉਂਕਿ ਇਸ ਵਿਚ ਸ੍ਰਿਸ਼ਟੀ ਦਾ ਵਿਸਥਾਰ ਆਇਆ ਹੈ।

ਸਚ ਖੰਡਿ ਵਸੈ ਨਿਰੰਕਾਰੁ।
ਕਰਿ ਕਰਿ ਵੇਖੈ ਨਦਰਿ ਨਿਹਾਲ
ਤਿਥੈ ਖੰਡ ਮੰਡਲ ਵਰਭੰਡ।
ਜੇ ਕੋ ਕਥੈ ਤ ਅੰਤ ਨ ਅੰਤ।
ਤਿਥੈ ਲੋਅ ਲੋਅ ਆਕਾਰ।

(ਜਪੁਜੀ ਪਉੜੀ 37)

ਜਪੁ ਜੀ ਵਿਚ ਸ੍ਰਿਸ਼ਟੀ ਰਚਨਾ ਦੇ ਅੰਤ ਬਾਰੇ ਕੋਈ ਵੇਰਵਾ ਨਹੀਂ ਮਿਲਦਾ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਕਈ ਜਗਹ ਇਸ ਦਾ ਜ਼ਿਕਰ ਆਇਆ ਹੈ :

ਇੰਦ੍ਰ ਪੁਰੀ ਮਹਿ ਸਰਪਰ ਮਰਣਾ।
ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ।
ਸਿਵ ਪੁਰੀ ਕਾ ਹੋਇਗਾ ਕਾਲਾ।
-------------------------------

ਸਗਲ ਪਾਸਾਰ ਦੀਸੈ ਪਾਸਾਰਾ।
ਬਿਨਸਿ ਜਾਇਗੋ ਸਗਲ ਆਕਾਰਾ।

(ਗਉੜੀ ਮ: 5, ਪੰਨਾ 237)

ਸ੍ਰਿਸ਼ਟੀ ਰਚਨਾ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦਾ ਅਲੋਚਨਾਤਮਕ ਦ੍ਰਿਸ਼ਟੀਕੋਣ ਵਧੇਰੇ ਢੁਕਵਾਂ ਹੈ :

ਆਪ ਆਪਨੀ ਬੁਧਿ ਹੈ ਜੇਤੀ।
ਬਰਨਤ ਭਿੰਨ ਭਿੰਨ ਤੁਹਿ ਤੇਤੀ।

ਤੁਮਰਾ ਲਖਾ ਨ ਜਾਇ ਪਸਾਰਾ।
ਕਿਹ ਬਿਧ ਸਜਾ ਪ੍ਰਥਮ ਸੰਸਾਰਾ।

(ਬੇਨਤੀ ਚੌਪਈ ਪਾ: 10)

✵✵✵